# ਵਰਿਆਮ

ਮਈ ੧੯੯੯



## ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਦਾ ਸ਼ੁਭਾਰੰਭ



ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਸਮਾਰੋਹਾਂ ਦਾ ਆਰੰਭ ਕਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL

## The Leading Name in Construction Machinery



C⊃NCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones
Off.ce : 529033
Factory : 501973
Resi. : 536093

**BALWANT SINGH & SONS**

Office ; 4E/11 JHANDEWALA EXTN, NEW DELHI-110055

Factory : A 2/3, MAYA PURI, PHASE II Opp. C-70 NEW DELHI-110064




Sri Satguru Jagjit Singh Ji eLibrary NamdhariElibrary@gmail.com

**ਵਰਿਆਮ**

ਮਈ—੧੯੯੯ ਜਿਲਦ—੧੪ ਅੰਕ—੭

# ਨਵੀਂ ਪਿਰਤ

ਪਾਠਕਾਂ ਨਾਲ ਗੱਲਾਂ ਤਾਂ ਹੋਰ ਵੀ ਕਰਨ ਵਾਲੀਆਂ ਹਨ। ਦੇਸ਼ ਵਿਦੇਸ਼ ਦੇ ਮਸਲੇ ਵੀ ਵਿਕਰਾਲ ਰੂਪ ਧਾਰਨ ਕਰੀ ਬੈਠੇ ਹਨ ਪਰ ਇਸ ਵਾਰ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਤਾਬਦੀ ਦੀ ਹੀ ਗੱਲ ਦੁਹਰਾ ਰਹੇ ਹਾਂ।

ਸ੍ਰੀ ਭੈਣੀ ਸਾਹਿਬ ਵਿਚ ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਸਾਹਿਬ ਦੇ ਉਦਮ ਨਾਲ ਸ਼ਤਾਬਦੀ ਸਮਾਰੋਹਾਂ ਦੀ ਬਹੁਤ ਚੰਗੀ ਸ਼ੁਰੂਆਤ ਹੋ ਗਈ ਹੈ। ਇਸੇ ਕਾਰਨ ਅਸੀਂ ਹੋਲੇ ਮਹੱਲੇ ਤੇ ਹੋਈਆਂ ਹੋਰ ਸਰਗਰਮੀਆਂ ਦਾ ਜ਼ਿਕਰ ਛੱਡਕੇ ਕੇਵਲ ਇਸ ਸਮਾਰੋਹ ਤੇ ਹੀ ਇਸ ਅੰਕ ਨੂੰ ਕੇਂਦਰਿਤ ਕੀਤਾ ਹੈ। ਅੰਕ ਲਈ ਖਿਚੀਆਂ ਸਾਡੇ ਮਿੱਤਰ ਦੀਆਂ ਤਸਵੀਰਾਂ ਸਭ ਖਰਾਬ ਹੋ ਗਈਆਂ, ਕਾਗਜ਼ ਕਹੇ ਹੱਥ ਨਾ ਲਾਓ। ਗਲੇਜ਼ਡ ਕਾਗਜ਼ ਉਂਜ ਹੀ ਅਲੋਪ,ਦਫ਼ਤਰ ਦੀ ਬਿਜਲੀ ਮਹਿਕਮੇ ਨੇ ਕੱਟ ਦਿੱਤੀ ਅਤੇ ਕੰਪੋਜ਼ਿੰਗ ਸਟਾਫ ਹਫਤਿਆਂ ਬੱਧੀ ਬੀਮਾਰ ਤੇ ਫਿਰ ਛੁੱਟੀਆਂ। ਇਸ ਸਾਰੇ ਕਾਸੇ ਦੇ ਹੁੰਦਿਆਂ ਸੁੰਦਿਆਂ ਤੁਹਾਡੇ ਹੱਥਾਂ ਵਿਚ ਪਰਚਾ ਪੁੱਜਾ ਹੈ। ਸ਼ਤਾਬਦੀ ਸ਼ੁਰੂ ਹੋ ਚੁੱਕੀ ਹੈ ਅਤੇ ਵਰਿਆਮ ਦੇ ਦੋ ਅੰਕ ਇਸ ਵਾਸਤੇ ਅਰਪਿਤ ਹੋ ਵੀ ਚੁੱਕੇ ਹਨ।

ਐਤਕੀਂ ਦਾ ਹੋਲਾ ਮਹਲਾ ਸਮਾਗਮ ਦੋਹ ਭਰਾਵਾਂ ਸ: ਮੱਖਣ ਸਿੰਘ ਸ: ਅਵਤਾਰ ਸਿੰਘ ਦਿੱਲੀ ਵਾਲਿਆਂ ਵਲੋਂ ਕੀਤਾ ਗਿਆ। ਲੱਖਾਂ ਦਾ ਖਰਚ ਕਰਕੇ ਵੀ ਪਰਸੰਨ ਹੋ ਰਹੇ ਸਨ। ਇਕ ਨਵੀਂ ਪਿਰਤ ਪਾਈ ਹੈ ਵਲੈਤ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਸ: ਪ੍ਰੀਤਮ ਸਿੰਘ ਰੀਹਲ ਅਤੇ ਸ: ਜਗਤਾਰ ਸਿੰਘ ਵਿਰਦੀ ਨੇ। ਸਾਰੇ ਸਾਲ ਦਾ ਲੰਗਰ ਦਾ ਖਰਚਾ ਉਹ ਹੀ ਦੇਣਗੇ। ਇਸ ਮੇਲੇ ਤੇ ਵੀ ਸਦਾ ਵਾਂਗ ਲੱਡੂ ਜਲੇਬੀਆਂ ਦੇ ਲੰਗਰ ਲਗੇ ਅਤੇ ਅਗੋਂ ਵੀ ਇਵੇਂ ਹੋਵੇਗਾ। ਅਜਿਹੇ ਸਮਾਗਮ ਮੰਗਣ ਵਾਲਿਆਂ ਦੀਆਂ ਅਨੇਕਾਂ ਅਰਜ਼ੀਆਂ ਸਤਿਗੁਰੂ ਜੀ ਕੋਲ ਹੋਰ ਵੀ ਪਈਆਂ ਹਨ।

ਇਕ ਗੱਲ ਵਿਲਖਣ ਹੋਈ ਹੈ। ਸਤਿਗੁਰੂ ਜੀ ਦੇ ਮਮੇਰੇ ਭਾਈ ਤੇ ਸਹਿਪਾਠੀ ਪੰਡਿਤ ਰਾਜਿੰਦਰ ਸਿੰਘ ਜੀ ਗੁਰੂਸਰ ਵਾਲਿਆਂ ਵਿਸ਼ੇਸ਼ ਕਰਕੇ ਵਰਿਆਮ ਦਾ ਨਾਂਅ ਲੈ ਕੇ ਪ੍ਰੈਸ ਨੂੰ ਮਜ਼ਬੂਤ ਕਰਨ ਦੀ ਲੋੜ ਤੇ ਜ਼ੋਰ ਦਿਤਾ। ਸਤਿਗੁਰੂ ਜੀ ਨੇ ਵੀ ਇਸ ਗੱਲ ਦੀ ਹਾਮੀ ਪਬਲਿਕ ਤੌਰ ਤੇ ਅਪਣੇ ਇਕ ਭਾਸ਼ਨ ਵਿਚ ਭਰੀ ਹੈ।

ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈਣ ਵਾਸਤੇ ਬੜੇ ਖਰਚੇ ਵੱਖ ਵੱਖ ਕਾਰਜਾਂ ਵਾਸਤੇ ਸਿੱਖਾਂ ਨੇ ਕੀਤੇ ਹਨ। ਕੁਝ ਕਹਿਣ ਉਤੇ ਕੁਝ ਅਪਣੇ ਆਪ। ਜੇ ਗੁਰੂ ਕੇ ਸਿੱਖ ਹੋਰਨਾਂ ਸੇਵਾਵਾਂ ਦੇ ਨਾਲ ਵਰਿਆਮ ਦੀ ਤਰੱਕੀ ਵਾਸਤੇ ਮਾਇਕ ਯੋਗਦਾਨ ਸਤਿਗੁਰੂ ਜੀ ਨੂੰ ਸਮਰਪਤ ਕਰਨ ਤਾਂ ਸ਼ਤਾਬਦੀ ਵਰਗੇ ਅਹਿਮ ਵਰ੍ਹੇ ਵਿਚ ਵਰਿਆਮ ਛਿਦੜ ਜਿਹੇ ਕਾਗਜ਼ ਤੇ ਨਾ ਛੱਪੇ। ਜਿਹੜੀ ਗੱਲ ਸ: ਰਾਜਿੰਦਰ ਸਿੰਘ ਜੀ ਨੇ ਕਹੀ ਹੈ ਉਂਜ ਉਹ ਗੱਲ ਸਤਿਗੁਰਾਂ ਦੀ ਕਿਰਪਾ ਨਾਲ ਇਕੱਲਾ ਇਕੱਲਾ ਸਿੱਖ ਕਰਨ ਦੇ ਸਮਰਥ ਹੈ। ਉਹਨਾਂ ਦੀ ਕਿਰਪਾ ਨਾਲ ਸ਼ਾਇਦ ਕੋਈ ਸੂਰਮਾ ਨਿਤਰ ਵੀ ਆਵੇ। ਇਹ ਸੇਵਾ ਵੀ ਬਹੁਤ ਵੱਡੀ ਅਤੇ ਦੂਰ ਤੱਕ ਫਲਣ ਫੂਲਣ ਵਾਲੀ ਹੈ। ਇਸ ਕੰਮ ਨੂੰ ਵੀ ਗੁਰੂ ਦੀਆਂ ਖੁਸ਼ੀਆਂ ਸਮਝਣ ਦੀ ਲੋੜ ਹੈ। ਨਵੀਂ ਪਿਰਤ ਇਸ ਮਾਮਲੇ ਵਿਚ ਵੀ ਪਾਉਣ ਦੀ ਲੋੜ ਹੈ।

—**ਜਗਦੀਸ਼ ਸਿੰਘ**

---

ਦਫਤਰ ਦਾ ਪਤਾ :
**ਮਾਸਕ ਵਰਿਆਮ**
**ਲਾਡਵਾਲੀ ਰੋਡ**
**(ਨੇੜ ਮਦਨ ਫਲੋਰ ਮਿਲ)**
**ਜਲੰਧਰ-੧੪੪੦੦੧**

**Office Address**
**Monthly WARIAM**
**(Punjabi)**
**Ladowali Road**
**(Near Madan Flour Mill**
**Jalandhar-144001**

---

## ਵਰਿਆਮ ਦੇ ਨਵੇਂ ਫੋਨ ਨੰਬਰ

ਦਫਰਤ : ੭੮੪੫੬ ਪੀ.ਪੀ.
੭੫੪੭ ਪੀ.ਪੀ.
ਘਰ : ੫੩੨੯੯

---

### ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |

Sri Satguru Jagjit Singh Ji eLibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਦੇ ਆਰੰਭਕ ਸਮਾਰੋਹ ਸਮੇਂ ੨੬ ਮਾਰਚ ੧੯੯੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਦਿਤਾ ਭਾਸ਼ਣ ।

ਬਾਣੀ ਵਿਚ ਇਹ ਸ਼ਬਦ ਆਉਂਦਾ ਹੈ :

ਜਿਨੀ ਤੁਧ ਨੋ ਧੰਨੁ ਕਹਿਆ
ਤਿਨ ਜਮੁ ਨੇੜਿ ਨ ਆਇਆ

ਇਹਦੀ ਵਿਆਖਿਆ ਕਰਨ ਦਾ ਸਮਾਂ ਨਹੀਂ । ਬਹੁਤ ਸਾਰੇ ਸਰੀਰਾਂ ਤੋਂ ਪਤਾ ਲਗੈ ਕਿ ਉਹ ਅਗੇ ਗਏ, ਉਹਨਾਂ ਨੂੰ ਜਗਹ ਨਹੀਂ ਮਿਲੀ ਤੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਜਮਾਂ ਤੋਂ ਛੁਡਾਇਆ ।

ਭਾਈ ਗੁਰਦਾਸ ਜੀ ਨੇ ਇਕ ਕਬਿਤ 'ਚ ਲਿਖਿਐ :

"ਰੋਮ ਰੋਮ ਕੋਟਿ ਬ੍ਰਹਮੰਡ ਕੋ ਨਿਵਾਸ ਜਾਸ,
ਮਾਨਸ ਔਤਾਰ ਧਾਰ ਦਰਸ ਦਿਖਾਏ ਹੈਂ ।
ਜਾ ਕੇ ਓਅੰਕਾਰ ਕੇ ਅਕਾਰ ਹੈ ਨਾਨਾ ਪ੍ਰਕਾਰ
ਸ੍ਰੀ ਮੁਖ ਸ਼ਬਦ ਗੁਰ ਸਿਖਨ ਸੁਨਾਏ ਹੈਂ ।
ਜਗ ਭੋਗ ਨਈਵੇਦ ਜਗਤ ਭਗਤ ਜਾਹਿ
ਅਸਨ ਬਸਨ ਗੁਰੂ ਸਿਖਨ ਲਡਾਏ ਹੈਂ ।
ਨਿਗਮ ਸੇਖਾਦਿਕ ਕਥਿਤ ਨੇਤਿ ਨੇਤਿ ਕਰ
ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈਂ ।"

ਇਹ ਤਾਰੀਫ ਸਤਿਗੁਰੂ ਦੀ ਹੁੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸਾਹ ਜੀ ਨੇ ਇਸ ਨੂੰ ਪੂਰਨ ਕਰਕੇ ਵਿਖਾਇਐ । ਪੰਡਿਤ ਜੀ ਨੇ ਤੁਹਾਡੇ ਸਾਹਮਣੇ "ਅਸਨ ਬਸਨ ਗੁਰ ਸਿਖਣ ਲਡਾਏ ਹੈਂ" ਵਾਲੀ ਸਾਰੀ ਗੱਲ ਮੂਰਤੀਮਾਨ ਕੀਤੀ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਪੜ੍ਹਿਆ ਕਰਦੇ ਸਨ :

ਨਾਮ ਦੇ ਧਨ ਦੇ ਨ ਜਨ ਕਓ
ਧਨ ਬਿਹੂਨ ਜਨ ਜਗ ਨਾ ਸੁਹਾਏ
ਧਨ ਦੇ ਨਾਮ ਦੇ ਨਾ ਜਨ ਕਓ
ਨਾਮ ਬਿਨਾ ਜਨ ਜਮ ਪੁਰ ਜਾਏ

ਇਸ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਰੇ ਪੱਖਾਂ ਤੋਂ ਪੂਰਾ ਕੀਤਾ ਆਪਣੇ ਸਿੱਖਾਂ ਦੇ ਵਿਚ ।

ਸੰਸਾਰ ਵਿਚ ਸੁਖ ਸ਼ਾਂਤੀ, ਅਹਿੰਸਾ ਦੇਸ਼ ਦੀ ਆਜ਼ਾਦੀ ਪ੍ਰਾਨੀ ਮਾਤਰ ਦੀ ਭਲਾਈ, ਮਨੁੱਖ ਦੀ ਭਲਾਈ ਇਹਦੇ ਵਿਚ



Sri Satguru Jagjit Singh Ji eLibrary NamdhariElibrary@gmail.com

ਹੀ ਆ ਜਾਂਦੀ ਹੈ, ਇਹਨਾਂ ਗੱਲਾਂ ਵਾਸਤੇ ਸਤਿਗੁਰੂ ਜੀ ਨੇ ਕਿਰਪਾ ਕੀਤੀ। ਲੱਖਾਂ ਪਾਠਾਂ ਦੇ ਭੋਗ ਪਾਏ ਗਏ, ਹਵਨ ਯੱਗ ਕਰਾਏ ਗਏ। ਜਦੋਂ ਲਾਹੌਰ ਵਿਚ ਬੁਚੜਖਾਨਾ ਖੁਲਣਾ ਸੀ। ਇਥੇ ਹਵਨ ਯੱਗ ਕਰਾਇਆ ਗਿਆ ਉਹ ਬੁਚੜਖਾਨਾ ਬੰਦ ਹੋਇਆ ਸੀ। ਸੰਗੀਤ, ਹਿੰਦੂ-ਸਿੱਖ ਏਕਤਾ ਕਾਨਫਰੰਸਾਂ ਕੀਤੀਆਂ। ਅਗੇ ਵੀ ਤੁਹਾਨੂੰ ਦੱਸ ਚੁੱਕੇ ਨੇ ਕਿ ਇਹ ਜਗਹ ਹੈ ਜਿਥੇ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ ਹੋਈ। ਪਾਕਿਸਤਾਨੋਂ ਨਿਕਲਣ ਵਾਸਤੇ ਇਕੋ ਇਕ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਜਿਨ੍ਹਾਂ ਕੇਵਲ ਇਹ ਹੀ ਨਹੀਂ ਆਖਿਆ ਕਿ ਨਿਕਲੋ ਸਗੋਂ ਕੱਢ ਕੇ ਲਿਆਂਦੇ। ਜਿਹੜਾ ਹੁਕਮ ਗੱਡੀਆਂ ਭੇਜ ਕੇ, ਬੰਦੇ ਭੇਜ ਕੇ ਦਿਤਾ ਉਹ ਤਾਂ ਸਾਹਮਣੇ ਤੁਸਾਂ ਵੇਖਿਆ ਸੀ। ਉਹ ਸਿੱਖ ਮੌਜੂਦ ਨੇ ਜਿਨ੍ਹਾਂ ਨੇ ਸੁਪਨੇ 'ਚ ਦਰਸ਼ਨ ਦੇ ਕੇ ਆਖਿਆ ਕਿ ਤੂੰ ਐਸ ਵੇਲੇ ਨਿਕਲ ਆ। ਉਹ ਬੜੇ ਹੈਰਾਨ ਹੋਏ ਕਿ ਨਿਕਲਾਂਗੇ ਕਿਸ ਤਰ੍ਹਾਂ। ਗੋਲੀਆਂ ਚਲਦੀਆਂ ਨੇ, ਛੁਰੀਆਂ ਚਲਦੀਆਂ ਨੇ, ਬੰਦੇ ਨੂੰ ਫੜ ਫੜ ਕੇ ਮਾਰ ਦਿੰਦੇ ਨੇ ਪਰ ਸਤਿਗੁਰਾਂ ਨੇ ਆਖਿਆ ਤੂੰ ਐਸ ਐਸ ਰਾਹ ਆ ਜਾ। ਉਹ ਬੰਦੇ ਅਜੇ ਜਿਊਂਦੇ ਨੇ। ਇਸ ਤਰ੍ਹਾਂ ਸਤਿਗੁਰਾਂ ਨੇ ਪਾਕਿਸਤਾਨੋਂ ਕਢਿਆ। ਦੂਸਰੇ ਸੰਸਥਾਵਾਂ ਦੇ ਲੋਕਾਂ ਨੇ ਮਖੌਲ ਵੀ ਕੀਤੇ ਕਿ ਇਹ ਕੀ ਕਰਨ ਲਗੇ ਨੇ। ਬਾਦ ਵਿਚ ਪਤਾ ਲਗਾ ਕਿ ਉਹ ਠੀਕ ਸਨ!

ਕਹਿੰਦੇ ਨੇ ਔਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਬਾਦ 'ਚ ਪਤਾ ਲਗਦੈ ਪਰ ਸਾਧ ਸੰਗਤ ਜੀ ਜਿਹੜਾ ਸਿਆਣਿਆਂ ਨੂੰ ਬਣੌਣ ਵਾਲਾ ਹੋਵੇ ਉਹਦੇ ਆਖੇ ਦਾ ਹੋਰ ਵੀ ਫਰਕ ਪੈਂਦੈ। ਹਾਕੀ ਵਾਸਤੇ ਉਹ ਕਹਿੰਦੇ ਸਨ ਕਿ ਇਹ ਸਾਡੀ ਪੁਰਾਣੀ ਖੇਡ ਹੈ ਖਿਦੋ ਖੂੰਡੀ। ਇਹ ਵੀ ਸਤਿਗੁਰਾਂ ਦੀ ਕਿਰਪਾ ਨਾਲ ਚਲਦੀ ਐ। ਬਿਰਧਾਂ ਦੀ ਸੇਵਾ, ਬੀਮਾਰਾਂ ਦੀ ਸੇਵਾ ਪਤਾ ਨਹੀਂ ਉਹਨਾਂ ਦੀਆਂ ਕਿੰਨੀਆਂ ਕੁ ਗਲਾਂ ਨੇ ਜਿਹੜੀਆਂ ਸਾਨੂੰ ਯਾਦ ਨਹੀਂ ਆ ਸਕਦੀਆਂ ਉਹ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਕੀਤੀਆਂ! ਸਭ ਤੋਂ ਵੱਡੀ ਚੀਜ਼ ਜਿਹੜੀ ਏ ਉਹ ਕੀਤੀ ਜਿਹੜੀ ਸਾਨੂੰ ਸਿਖਾਂ ਨੂੰ ਜਮਾਂ ਤੋਂ ਛੁਡਾਉਣ ਵਾਲੀ ਐ।

ਸਤਿਗੁਰੂ ਜੀ ਦੇ ਰਿਕਾਰਡ ਹੋਏ ਉਪਦੇਸ਼ ਵਿਚ ਸਾਨੂੰ ਸੁਖ ਲੈਣ ਦਾ ਸੌਖਾ ਰਾਹ ਦਸਿਆ ਹੈ ਕਿ ਜੇ ਸੁਖ ਲੈਣੇ ਈਰਖਾ ਛੱਡ ਦਿਓ। ਕਿੰਨੇ ਕੁ ਪੈਸੇ ਲਗਦੇ ਨੇ ਇਹਦੇ ਤੇ। ਕੁਝ ਨਹੀਂ ਕਰਨਾ ਪੈਂਦਾ। ਇਹ ਚੀਜ਼ (ਈਰਖਾ) ਛੱਡ ਦਿਓ ਤਾਂ ਸੁਖ ਪ੍ਰਾਪਤ ਹੋ ਜਾਂਦੇ। ਮੈਂ ਸ ਮਝਦਾ ਹਾਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਜਿਨ੍ਹਾਂ ਨੂੰ ਪਾਲਿਆ ਅਤੇ ਪਾਲਣਾ ਕਰ ਰਹੇ ਨੇ ਉਹ ਅਸੀਂ ਲੋਕ ਹਾਂ।

ਅਕਿਰਤਘਣਾ ਨੋ ਪਾਲਦਾ
ਪ੍ਰਭ ਨਾਨਕ ਸਦ ਬਖਸਿੰਦੁ

ਮੈਂ ਇਹ ਹੀ ਅਰਜ਼ ਕਰਕੇ ਸੌ ਸਾਲਾ ਪੁਰਬ ਨੂੰ ਆਰੰਭ ਕਰਦਾ ਹਾਂ।





ਸ੍ਰੀ ਭੈਣੀ ਸਾਹਿਬ ਵਿਚ ਹੋਲੇ ਮਹੱਲੇ ਦਾ ਮੇਲਾ ਦਿਲੀ ਦੇ ਪ੍ਰਮੁਖ ਨਾਮਧਾਰੀ ਭਰਾਵਾਂ ਸ: ਮਖਣ ਸਿੰਘ ਅਤੇ ਸ. ਅਵਤਾਰ ਸਿੰਘ ਜੀ ਵਲੋਂ ਕਰਾਇਆ ਗਿਆ। ਖੱਬੀ ਤਸਵੀਰ : ਸ. ਮਖਣ ਸਿੰਘ ਜੀ ਇਹ ਸੇਵਾ ਬਖਸ਼ਣ ਵਾਸਤੇ ਸਤਿਗੁਰੂ ਜੀ ਦਾ ਧਨਵਾਦ ਕਰ ਰਹੇ ਹਨ। ਖਬੇ ਸ. ਅਵਤਾਰ ਸਿੰਘ ਜੀ ਇਕ ਹੋਰ ਦਾਨਵੀਰ ਸ. ਸੇਵਾ ਸਿੰਘ ਜੀ ਨਾਲ ਵਿਚਾਰ ਵਿਟਾਂਦਰਾ ਕਰਦੇ ਹੋਏ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਗ਼ਜ਼ਲ

—ਮੋਹਨ ਸਿੰਘ ਬੈਰੀ—

ਪਹੁ ਫੁੱਟੇ ਤਾਂ ਹੁੰਦਾ ਰੋਜ਼ ਉਜਾਲਾ ਹੈ ।
ਪਰ ਕਿਉਂ ਅੱਜ ਕਲ ਸਰਘੀ ਦਾ ਮੂੰਹ ਕਾਲਾ ਹੈ ।
ਹਰ ਪਿੰਡੇ ਤੇ ਜ਼ਖਮਾਂ ਦੀ ਹੀ ਲਾਲੀ ਹੈ,
ਜਿੱਧਰ ਵੇਖੋ ਭੜਕੀ ਖੂਬ ਜੁਆਲਾ ਹੈ ।
ਭੀੜ ਇਕੱਠੀ ਜਦ ਵੀ ਹੁੰਦੀ ਮਾਨਵ ਦੀ,
ਸਮਝੋ ਕੋਈ ਭਾਣਾ ਬੀਤਣ ਵਾਲਾ ਹੈ ।
ਲੋਕਾਂ ਦੇ ਚਿਹਰੇ ਤੋਂ ਏਦਾਂ ਲਗਦਾ ਹੈ,
ਹਰ ਬੰਦਾ ਜਿਉਂ ਅੰਦਰੋਂ ਬਾਹਰੋਂ ਕਾਲਾ ਹੈ ।
ਏਥੇ ਹੁਣ ਤਾਂ ਕੋਈ ਵੀ ਸੁਕਰਾਤ ਨਹੀਂ,
ਫੇਰ ਸਮੇਂ ਕਿਉਂ ਫੜਿਆ ਜ਼ਹਿਰ ਪਿਆਲਾ ਹੈ ?
ਹਰ ਬੰਦੇ ਨੂੰ ਗ਼ਮ ਨੇ ਘੇਰਾ ਪਾਇਆ ਹੈ,
ਚਾਰੋਂ ਪਾਸੀਂ ਨੇਰ੍ਹਿਆਂ ਦਾ ਜਿਉਂ ਹਾਲਾ ਹੈ ।
ਘਰ ਘਰ ਅੰਦਰ ਪਸਰੀ ਬਹੁਤ ਉਦਾਸੀ ਹੈ,
ਹਰ ਬੰਦੇ ਦੇ ਮੂੰਹ ਤੇ ਲੱਗਾ ਤਾਲਾ ਹੈ ।
ਦੁੱਖਾਂ, ਦਰਦਾਂ, ਪੀੜਾਂ ਦੀ ਇਸ ਨਗਰੀ 'ਚ,
ਬੈਰੀ, ਕਹਿੰਦਾ ਹਰ ਇਕ ਸ਼ਿਅਰ ਨਰਾਲਾ ਹੈ ।

## ਰੁਬਾਈ

—ਨਵਰਾਹੀ ਘੁਗਿਆਣਵੀ—

ਕੂੜੇ ਜੱਗ ਤੋਂ ਫਿੱਕਿਆਂ ਪੈ ਕੇ,
ਅਸੀਂ ਇਕਾਂਤਾ ਮੱਲੀਆਂ ।
ਸਿਮਰਨ ਦਾ ਬੰਨ੍ਹ ਮਾਰ ਅਸਾਂ ਨੇ,
ਮਾਰੂ ਕਾਂਗਾਂ ਠੱਲੀਆਂ ।
ਅਸੀਂ ਬਿਬੇਕ ਬਿਬਾਨਾਂ ਰਾਹੀਂ,
ਚੜ੍ਹਦੇ ਗਏ ਉਤਾਹਾਂ,
'ਨਵਰਾਹੀ' ਮਿਹਰਾਂ ਦੇ ਮੰਡਲੀਂ,
ਜੋਤਾਂ ਜਗਣ ਅਵੱਲੀਆਂ ।

## ਗ਼ਜ਼ਲ

—ਡੀ. ਆਰ ਧਵਨ—

ਰਾਹਨੁਮਈ ਕਰੋ ਕਾਫਲੇ ਦੀ,
ਤਾਂ ਹੀ ਥੌਹ ਮਿਲ ਸਕੂ ਰਾਸਤੇ ਦੀ ।
ਜਿਸ ਨੂੰ ਕਹਿੰਦੇ ਹੋ ਚੜ੍ਹਦਾ ਸਵੇਰਾ,
ਉਹ ਤਾਂ ਲਾਲੀ ਦਿਸੇ ਦਿਨ ਢਲੇ ਦੀ ।

ਹਰ ਖੁਸ਼ੀ ਦਾ ਹੈ ਚਿਹਰਾ ਝੁਲਸਿਆ,
ਛਾ ਰਹੀ ਹੈ ਉਦਾਸੀ ਚੁਫੇਰੇ;
ਰੌਣਕਾਂ ਦੀ ਚਿਤਾ ਬਲ ਰਹੀ ਹੈ,
ਲੁਟ ਗਈ ਦੁਨੀਆਂ ਸ਼ਾਇਦ ਕਿਸੇ ਦੀ ।

ਟੁੱਟ ਗਈ ਜੋ ਮੁਹੱਬਤ ਦੀ ਮਾਲਾ,
ਕੌਡੀਆਂ ਭਾਅ ਵਿਕਣਗੇ ਇਹ ਮੋਤੀ;
ਸਾਜ਼ਿਸ਼ੀ ਰੁੱਤ ਹੈ ਮੌਸਮ ਹੈ ਖਚਰਾ,
ਲੋੜ ਹੈ ਵਕਤ ਸੰਭਾਲਣੇ ਦੀ ।

ਐ ਖੁਦਾ ! ਹੋਂਠ ਸੀਤੇ ਨੇ ਮੇਰੇ,
ਕੀ ਦੁਆ, ਕੀ ਸਦਾਅ, ਕਿੰਝ ਕਰਾਂ ਮੈਂ,
ਕੀ ਪਤਾ ਸੀ ਤੇਰੇ ਦਰ ਤੇ ਆ ਕੇ,
ਹੁਣ ਇਜਾਜ਼ਤ ਨਹੀਂ ਬੋਲਣੇ ਦੀ ।

ਇਸ ਹਵਾ ਦਾ ਕਰੋ ਕੋਈ ਚਾਰਾ,
ਫੂਕ ਦੇਵੇ ਨਾ ਇਹ ਬਾਗ ਸਾਰਾ ।
ਫਿਰ ਮਹਿਕ ਨੂੰ ਤਰਸਦੇ ਫਿਰਾਂਗੇ,
ਮੰਨ ਲਵੋ ਗੱਲ "ਧਵਨ' ਸਿਰ ਫਿਰੇ ਦੀ ।

ਮੋੜ ਦੇਵਣ ਜੁ ਰੁਖ ਇਸ ਹਵਾ ਦਾ,
ਉਹ ਮੁਹੱਬਤ ਦੇ ਹਥਿਆਬ ਫੜਕੇ;
ਬੇਸਹਾਰਾ ਬਣੀਂ ਬੈਠੇ ਲੋਕੋ,
ਲੋੜ ਹੈ ਕੋਈ ਜੰਗ ਛੇੜਣੇ ਦੀ ।

ਬਾਗ ਵਿਚ ਨੇ ਸ਼ਿਕਾਰੀ ਦਰਿੰਦੇ;
ਉਹਨਾਂ ਸਭ ਨੂੰ ਨਿਸ਼ਾਨਾ ਬਣਾਉਣੈ;
ਮਿਲ ਕੇ ਸਭ ਜਾਲ ਉੜਾ ਲੈ ਚਲੋ ਹੁਣ,
ਸੋਚ ਸੋਚੋ ਬਚਾਅ ਆਪਣੇ ਦੀ ।


Sri Satguru Jagjit Singh Ji eLibrary NamdhariElibrary@gmail.com

# ਪਸ਼ਚਾਤਾਪੀ ਪਾਪੀ

ਮੂਲ ਲੇਖਕ : ਲ. ਤਾਲਸਤਾਏ

ਪੰਜਾਬੀ ਰੂਪ : **ਸੁਰਜੀਤ ਖੁਰਸ਼ੀਦੀ**

ਇਕ ਬੰਦਾ ਸੱਤਰ ਵਰੇ, ਇਸ ਸੰਸਾਰ ਵਿਚ ਜੀਵਤ ਰਿਹਾ ਪਰ ਸਾਰੀ ਉਮਰ ਉਸ ਨੇ ਪਾਪਾਂ ਵਿਚ ਰਹਿ ਕੇ ਹੀ ਬਤੀਤ ਕੀਤੀ । ਉਹ ਬੀਮਾਰ ਪੈ ਗਿਆ ਪਰ ਫੇਰ ਵੀ ਉਸਨੇ ਆਪਣੇ ਪਾਪਾਂ ਦਾ ਪਸ਼ਚਾਤਾਪ ਨਹੀਂ ਸੀ ਕੀਤਾ । ਕੇਵਲ ਅੰਤਮ ਪੱਲਾਂ ਵਿਚ, ਜਦੋਂ ਉਹ ਪ੍ਰਾਣ ਤਿਆਗ ਰਿਹਾ ਸੀ, ਉਸਨੇ ਰੋ ਕੇ ਕਿਹਾ :—

"ਪ੍ਰਭੂ ! ਮੈਨੂੰ ਬਖਸ਼ ਲੈ, ਜਿਵੇਂ ਤੂੰ ਚੋਰ ਨੂੰ ਸਲੀਬ ਤੇ ਟੰਗੇ ਨੂੰ ਬਖਸ਼ ਲਿਆ ਸੀ, ਉਵੇਂ ਹੀ ।"

ਇਹ ਸ਼ਬਦ ਅਜੇ ਮੁੱਕੇ ਹੀ ਸਨ ਕਿ ਉਹਦੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ, ਦੇਹ ਤਿਆਗ ਗਏ । ਪਾਪੀ ਦੀ ਆਤਮਾ ਪ੍ਰਭੂ ਦੇ ਪਿਆਰ ਵਿਚ ਡੁੱਬੀ ਅਤੇ ਉਸਦੀ ਬਖਸ਼ਿਸ਼ 'ਤੇ ਪੂਰਨ ਸ਼ਰਧਾ ਰਖਦੀ ਹੋਈ ਸਵਰਗ ਲੋਕ ਦੇ ਬੂਹੇ ਤੇ ਜਾ ਪੁਜੀ, ਜਾ ਕੇ ਦਸਤਕ ਦਿਤੀ ਕਿ ਉਸਨੂੰ ਸਵਰਗ ਲੋਕ ਵਿਚ ਪਰਵੇਸ਼ ਕਰਨ ਦੀ ਆਗਿਆ ਦਿਤੀ ਜਾਵੇ ।

ਇਸ ਤੇ ਬੂਹੇ ਦੇ ਅੰਦਰੋਂ ਇਕ ਆਵਾਜ਼ ਆਈ—

"ਇਹ ਕਿਹੜਾ ਬੰਦਾ ਹੈ ਜੋ ਸਵਰਗ ਲੋਕ ਦੇ ਬੂਹੇ ਤੇ ਦਸਤਕਾਂ ਦੇ ਰਿਹਾ ਹੈ, ਉਸਨੇ ਆਪਣੇ ਜੀਵਨ ਵਿਚ ਕੇਹੜੇ ਕੇਹੜੇ ਕੰਮ ਕੀਤੇ ਹਨ ?"

ਅਤੇ ਉਸ ਬੰਦੇ ਦੇ ਅਮਲਾਂ ਦਾ ਲੇਖ ਰਖਣ ਵਾਲੇ ਨੇ ਉਤਰ ਦਿੱਤਾ, ਉਸ ਬੰਦੇ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਵਰਨਣ ਕੀਤਾ । ਇਕ ਕੰਮ ਵੀ ਭਲੇ ਦਾ ਨਹੀਂ ਸੀ ਕੀਤਾ ਹੋਇਆ ।

ਤੱਦ ਬੂਹੇ ਦੇ ਅੰਦਰੋਂ ਆ ਰਹੀ ਆਵਾਜ਼ ਨੇ ਕਿਹਾ :

"ਪਾਪੀ ਸਵਰਗ ਲੋਕ ਵਿਚ ਪਰਵੇਸ਼ ਨਹੀਂ ਕਰ ਸਕਦੇ ਇਸ ਲਈ ਤੂੰ ਏਥੋਂ ਚਲਿਆ ਜਾ ।"

ਤੱਦ ਉਸ ਬੰਦੇ ਨੇ ਕਿਹਾ :—

"ਪ੍ਰਭੂ, ਮੈਨੂੰ ਕੇਵਲ ਤੇਰੀ ਆਵਾਜ਼ ਸੁਣਾਈ ਦੇ ਰਹੀ ਹੈ, ਤੇਰਾ ਚੇਹਰਾ ਦਿਖਾਈ ਨਹੀਂ ਦੇ ਰਿਹਾ, ਨਾ ਹੀ ਮੈਨੂੰ ਤੇਰੇ ਨਾਂ ਦਾ ਪਤਾ ਹੈ ।"

"ਮੈਂ ਪੀਟਰ ਹਾਂ, ਰੱਬ ਦਾ ਰਸੂਲ ।"

ਅਤੇ ਪਾਪੀ ਨੇ ਉਤਰ ਦਿੱਤਾ :—

"ਰਸੂਲ ਪੀਟਰ, ਮੇਰੇ ਤੇ ਦਿਯਾ ਕਰੋ । ਬੰਦੇ ਦੀਆਂ ਕਮਜ਼ੋਰੀਆਂ ਅਤੇ ਰੱਬ ਦੀਆਂ ਰਹਿਮਤਾਂ ਦਾ ਖਿਆਲ ਕਰੋ । ਕੀ ਤੂੰ ਈਸਾ ਦਾ ਚੇਲਾ ਨਹੀਂ ਸੀ ? ਕੀ ਤੂੰ ਖੁਦ ਉਸਦੇ ਮੂੰਹੋਂ ਉਸਦੀ ਸਿਖਿਆ ਨਹੀਂ ਸੁਣੀ, ਕੀ ਤੇਰੇ ਸਾਹਮਣੇ ਉਸਦੀ ਉਦਾਹਰਣ ਨਹੀਂ ਹੈ ? ਤਾਂ ਫੇਰ ਹੁਣ ਯਾਦ ਕਰ ਕਿ ਕਿਵੇਂ ਉਸਦੇ ਮਨ ਨੂੰ ਦੁਖ ਪੁਜਾ ਸੀ ਜਦੋਂ ਉਸ ਨੇ ਤਿੰਨ ਵਾਰੀ ਤੈਨੂੰ ਕਿਹਾ ਸੀ ਕਿ ਜਾਗਦਾ ਰਹਿ ਅਤੇ ਅਰਦਾਸ ਕਰ, ਪਰ ਤੂੰ ਸੌਂ ਗਿਆ ਸੀ, ਕਿਉਂ ਜੋ ਤੇਰੀਆਂ ਅੱਖਾਂ ਤੇ ਉਨੀਂਦਰਾ ਸੀ ਅਤੇ ਤਿੰਨੇ ਵਾਰ ਉਸ ਨੇ ਤੈਨੂੰ ਸੁਤਿਆਂ ਦੇਖਿਆ ਸੀ । ਇਹੋ ਕੁਝ ਹੀ ਮੇਰਾ ਮਾਮਲਾ ਹੈ । ਇਹ ਵੀ ਚੇਤੇ ਕਰ ਕਿ ਤੂੰ ਕਿਵੇਂ ਅੰਤਮ ਸਾਹਾਂ ਤਕ ਵਫ਼ਾਦਾਰ ਰਹਿਣ ਦਾ ਵਾਅਦਾ ਕੀਤਾ ਸੀ, ਪਰ ਤਿੰਨ ਵਾਰ ਇਸ ਤੱਥ ਤੋਂ ਮੁਕਰਿਆ ਸੀ ਜਦੋਂ ਉਸ ਨੂੰ ਰਾਜੇ ਦੇ ਸਨਮੁਖ ਪੇਸ਼ ਕੀਤਾ ਗਿਆ ਸੀ । ਇਹੋ ਹਾਲ ਮੇਰਾ ਹੈ । ਅਤੇ ਇਹ ਵੀ ਯਾਦ ਕਰ ਕੇ ਜਦੋਂ ਮੁਰਗੇ ਨੇ ਬਾਂਗ ਦਿਤੀ ਸੀ ਉਦੋਂ ਤੂੰ ਬਾਹਰ ਜਾ ਕੇ ਭੁੱਬੀਂ ਰੋਇਆ ਸੀ । ਇਹੋ ਹਾਲ ਮੇਰਾ ਵੀ ਹੈ । ਤੂੰ ਮੈਨੂੰ ਅੰਦਰ ਆਉਣ ਤੋਂ ਨਾਂਹ ਨਹੀਂ ਕਰ ਸਕਦਾ" ਅਤੇ ਬੂਹੇ ਦੇ ਪਿਛਲੀ ਅਵਾਜ਼ ਚੁੱਪ ਸੀ ।

ਫੇਰ ਗੁਨਾਹਗਾਰ ਕੁਝ ਦੇਰ ਉਡੀਕ ਕੇ ਦਸਤਕ ਦੇਣ ਲਗਾ ਅਤੇ ਸਵਰਗ ਲੋਕ ਵਿਚ ਦਾਖਲ ਕੀਤੇ ਜਾਣ ਲਈ ਬੇਨਤੀ ਕਰਨ ਲੱਗਾ ।

ਉਸ ਨੂੰ ਬੂਹੇ ਦੇ ਪਿਛੋਂ ਹੁਣ ਇਕ ਦੂਸਰੀ ਆਵਾਜ਼ ਸੁਣਾਈ ਦਿਤੀ, ਜਿਸ ਨੇ ਕਿਹਾ :

"ਇਹ ਬੰਦਾ ਕੌਣ ਹੈ ਅਤੇ ਇਹ ਮਾਤ ਲੋਕ ਵਿਚ ਕਿਸ ਪਰਕਾਰ ਜੀਵਿਆ ਹੈ ।

ਅਤੇ ਲੇਖਾਕਾਰ ਦੀ ਆਵਾਜ਼ ਨੇ ਫੇਰ ਪਾਪੀ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਵਰਨਣ ਦੁਹਰਾ ਦਿਤਾ । ਇਕ ਵੀ ਨੇਕੀ ਦਾ ਕੰਮ ਨਹੀਂ ਸੀ ਕੀਤਾ ਹੋਇਆ ।

ਅਤੇ ਬੂਹੇ ਦੇ ਪਿਛੇ ਵਾਲੀ ਆਵਾਜ਼ ਨੇ ਕਿਹਾ :—

"ਏਥੋਂ ਚਲਿਆ ਜਾ । ਇਹੋ ਜਹੇ ਪਾਪੀ ਸਾਡੇ ਨਾਲ ਏਥੇ ਸਵਰਗ ਵਿਚ ਨਹੀਂ ਰਹਿ ਸਕਦੇ ।" ਤੱਦ ਪਾਪੀ ਬੋਲਿਆ :—

ਪ੍ਰਭੂ, ਮੈਂ ਤੇਰੀ ਅਵਾਜ਼ ਸੁਣ ਰਿਹਾ ਹਾਂ । ਪਰ ਤੂੰ ਮੈਨੂੰ ਦਿਖਲਾਈ ਨਹੀਂ ਦੇ ਰਿਹਾ, ਨਾ ਹੀ ਮੈਨੂੰ ਤੇਰੇ ਨਾਂ ਦਾ ਪਤਾ ਹੈ ।"

ਆਵਾਜ਼ ਨੇ ਉਤਰ ਦਿੱਤਾ :—

"ਮੈਂ ਡੇਵਿਡ ਹਾਂ, ਬਾਦਸ਼ਾਹ ਅਤੇ ਪੈਗੰਬਰ ।"

ਗੁਨਾਹਗਾਰ ਮਾਯੂਸ ਨਹੀਂ ਹੋਇਆ, ਨਾਂ ਹੀ ਉਹ ਸਵਰਗ ਦੇ ਬੂਹੇ ਤੋਂ ਹਟਿਆ, ਪਰ ਕਿਹਾ,

"ਮੇਰੇ ਤੇ ਰਹਿਮ ਕਰ, ਰਾਜਾ ਡੇਵਿਡ । ਬੰਦੇ ਦੀਆਂ ਕਮਜ਼ੋਰੀਆਂ ਅਤੇ ਪਰਮਾਤਮਾ ਦੀ ਦਿਯਾ ਨੂੰ ਧਿਆਨ ਵਿਚ



Sri Satguru Jagjit Singh Ji eLibrary NamdhariElibrary@gmail.com

ਰੱਖ । ਰੱਬ ਨੇ ਤੈਨੂੰ ਪਿਆਰ ਕੀਤਾ ਅਤੇ ਤੈਨੂੰ ਬੰਦਿਆਂ ਵਿਚ ਉੱਚੀ ਸ਼ਾਨ ਵਾਲਾ ਬਣਾਇਆ ਸੀ । ਤੈਨੂੰ ਸਭ ਕੁਝ ਪਰਾਪਤ ਸੀ, ਇਕ ਰਾਜ ਇਜ਼ਤ, ਧਨ ਦੌਲਤ ਅਤੇ ਪਤਨੀਆਂ ਤੇ ਬੱਚੇ । ਪਰ ਜਦੋਂ ਤੂੰ ਆਪਣੇ ਮਕਾਨ ਦੀ ਛੱਤ ਤੋਂ ਇਕ ਗਰੀਬ ਬੰਦੇ ਦੀ ਪਤਨੀ ਦੇਖੀ ਤਾਂ ਤੇਰੇ ਵਿਚ ਪਾਪ ਦਾ ਪਰਵੇਸ਼ ਹੋ ਗਿਆ, ਤੂੰ ਊਰੀਆਹ ਦੀ ਪਤਨੀ ਨੂੰ ਹਥਿਆ ਲਿਆ ਅਤੇ ਉਸ ਨੂੰ ਕਤਲ ਕਰਵਾ ਦਿਤਾ ਸੀ । ਤੂੰ ਇਕ ਧਨੀ ਬੰਦਾ ਹੁੰਦਿਆਂ ਇਕ ਨਿਰਧਨ ਬੰਦੇ ਪਾਸੋਂ ਉਸ ਦੀ ਇਕ ਮੇਮਨੀ ਲੈ ਲਈ ਅਤੇ ਉਸ ਨੂੰ ਕਤਲ ਕੀਤਾ । ਮੈਂ ਵੀ ਇਹੋ ਕੀਤਾ ਹੋਇਆ ਹੈ । ਚੇਤੇ ਕਰ, ਤੂੰ ਫੇਰ ਕਿਵੇਂ ਪਛਤਾਵਾ ਕੀਤਾ ਸੀ ਅਤੇ ਕਿਹਾ ਸੀ—ਮੈਂ ਆਪਣੇ ਗੁਨਾਹਾਂ ਦਾ ਇਕਬਾਲ ਕਰਦਾ ਹਾਂ, ਮੈਨੂੰ ਆਪਣਾ ਪਾਪ ਹਮੇਸ਼ਾ ਯਾਦ ਰਹਿੰਦਾ ਹੈ ।'' ਮੈਂ ਵੀ ਇਹੋ ਕੁਝ ਹੀ ਤਾਂ ਕੀਤਾ ਹੈ । ਤੂੰ ਮੈਨੂੰ ਅੰਦਰ ਆਉਣ ਤੋਂ ਇਨਕਾਰ ਨਹੀਂ ਕਰ ਸਕਦਾ ।

ਅਤੇ ਬੂਹੇ ਦੇ ਅੰਦਰ ਵਾਲੀ ਆਵਾਜ਼ ਖਾਮੋਸ਼ ਹੋ ਗਈ ।

ਗੁਨਾਹਗਾਰ ਕੁਝ ਦੇਰ ਖਲੋਤਾ ਰਿਹਾ, ਫੇਰ ਦੋਬਾਰਾ ਦਸਤਕ ਦੇਣੀ ਆਰੰਭ ਕਰ ਦਿਤੀ ਤੇ ਸਵਰਗ ਲੋਕ ਵਿਚ ਦਾਖਲ ਕੀਤੇ ਜਾਣ ਲਈ ਕਹਿਣ ਲੱਗਾ । ਬੂਹੇ ਦੇ ਪਿਛੋਂ ਹੁਣ ਇਕ ਤੀਜੀ ਆਵਾਜ਼ ਆਈ, ਉਹ ਕਹਿ ਰਹੀ ਸੀ—

''ਇਹ ਕੇਹੜਾ ਬੰਦਾ ਹੈ ਅਤੇ ਇਸ ਨੇ ਧਰਤੀ ਤੇ ਆਪਣਾ ਜੀਵਨ ਕਿਸ ਪਰਕਾਰ ਬਤੀਤ ਕੀਤਾ ਹੈ ?''

ਅਤੇ ਲੇਖਾਕਾਰ ਦੀ ਆਵਾਜ਼ ਨੇ ਤੀਜੀ ਵਾਰ ਗੁਨਾਹਗਾਰ ਦੀਆਂ ਕਾਲੀਆਂ ਕਰਤੂਤਾਂ ਦਾ ਵੇਰਵਾ ਦਿਤਾ, ਇਕ ਵੀ ਨੇਕ ਕੰਮ ਦਾ ਜ਼ਿਕਰ ਤਕ ਨਹੀਂ ਸੀ ।

ਬੂਹੇ ਪਿਛਲੀ ਅਵਾਜ਼ ਨੇ ਕਿਹਾ :—

''ਚਲਿਆ ਜਾ ਏਥੋਂ । ਪਾਪੀ ਬੰਦੇ ਸਵਰਗ ਲੋਕ ਵਿਚ ਦਾਖਲ ਨਹੀਂ ਹੋ ਸਕਦੇ ।''

ਅਤੇ ਗੁਨਾਹਗਾਰ ਨੇ ਕਿਹਾ :—

''ਤੇਰੀ ਆਵਾਜ਼ ਮੈਂ ਸੁਣਦਾ ਹਾਂ ਪਰ ਚੇਹਰਾ ਦਿਖਾਈ ਨਹੀਂ ਦੇ ਰਿਹਾ, ਨਾ ਹੀ ਮੈਨੂੰ ਤੇਰੇ ਨਾਂ ਦਾ ਪਤਾ ਹੈ ।''

ਆਵਾਜ਼ ਨੇ ਉਤਰ ਦਿਤਾ :—

ਮੈਂ ਵਲੀ ਜਾਨੂ ਹਾਂ, ਈਸਾ ਦਾ ਪਿਆਰਾ ਚੇਲਾ ।

ਇਸ ਗੁਨਾਹਗਾਰ ਖੁਸ਼ ਹੋ ਕੇ ਕਹਿਣ ਲਗਾ :—

''ਹੁਣ ਯਕੀਨੀ ਤੌਰ ਤੇ ਮੈਨੂੰ ਅੰਦਰ ਜਾਣ ਦੀ ਆਗਿਆ ਮਿਲੇਗੀ, ਪੀਟਰ ਅਤੇ ਡੇਵਡ ਨੂੰ ਚਾਹੀਦਾ ਸੀ ਕਿ ਉਹ ਮੈਨੂੰ ਅੰਦਰ ਵੜਨ ਦੇ ਦਿੰਦੇ, ਕਿਉਂ ਜੋ ਉਹਨਾ ਨੂੰ ਬੰਦੇ ਦੀਆਂ ਕਮਜ਼ੋਰੀਆਂ ਅਤੇ ਰੱਬ ਦੀਆਂ ਰਹਿਮਤਾਂ ਬਾਰੇ ਗਿਆਨ ਹੈ, ਅਤੇ ਤੂੰ ਮੈਨੂੰ ਦਾਖਲ ਹੋਣ ਦੀ ਆਗਿਆ ਇਸ ਕਰਕੇ ਦੇ ਦੇਵੇਂਗਾ ਕਿਉਂ ਜੋ ਤੂੰ ਬਹੁਤ ਪਿਆਰ ਕਰਨ ਵਾਲਾ ਹੈ । ਜਾਨੂ ਵਲੀ, ਕੀ ਉਹ ਤੂੰ ਹੀ ਨਹੀਂ ਸੀ ਜਿਸਨੇ ਲਿਖਿਆ ਸੀ ਕਿ ਪਿਆਰ ਪ੍ਰਭੂ ਹੈ, ਅਤੇ ਜੋ ਕੋਈ ਪਿਆਰ ਨਹੀਂ ਕਰਦਾ ਉਹ ਰੱਬ ਨੂੰ ਵੀ ਨਹੀਂ ਜਾਣਦਾ ? ਅਤੇ ਕੀ ਤੂੰ ਆਪਣੇ ਬੁਢਾਪੇ ਦੀ ਉਮਰ ਵਿਚ ਬੰਦਿਆਂ ਨੂੰ ਇਹ ਨਹੀਂ ਸੀ ਕਿਹਾ : ''ਭਰਾਵੋ ਇਕ ਦੂਸਰੇ ਨੂੰ ਪਿਆਰ ਕਰੋ ?'' ਤਦ, ਫੇਰ, ਤੂੰ ਮੇਰੇ ਵਲ ਨਫਰਤ ਕਿਵੇਂ ਵਰਤ ਸਕਦਾ ਹੈ ਅਤੇ ਮੈਨੂੰ ਕਿਵੇਂ ਪਰਤਾ ਸਕਦਾ ਹੈ ? ਜਾਂ ਤਾਂ ਜੋ ਕੁਝ ਤੂੰ ਕਿਹਾ ਹੈ ਉਸੇ ਤੋਂ ਇਨਕਾਰੀ ਹੋ ਜਾ, ਜਾਂ ਫੇਰ, ਮੈਨੂੰ ਪਿਆਰਦਿਆਂ ਹੋਇਆ ਸਵਰਗ ਲੋਕ ਵਿਚ ਦਾਖਲ ਕਰ ਲੈ ।''

ਅਤੇ ਸਵਰਗ ਲੋਕ ਦਾ ਬੂਹਾ ਸਪਾਟ ਖੁਲ੍ਹ ਗਿਆ, ਜਾਨੂ ਨੇ ਪਸ਼ਚਾਤਾਪ ਕਰ ਰਹੇ ਪਾਪੀ ਨੂੰ ਜੱਫੀ ਵਿਚ ਘੁੱਟ ਲਿਆ ਅਤੇ ਉਸ ਨੂੰ ਸਵਰਗ ਲੋਕ ਵਿਚ ਲੈ ਵੜਿਆ ।

## ਕਹਾਣੀਕਾਰ ਅਜੀਤ ਸੈਣੀ ਨੂੰ ਵਿਰਕ ਅਵਾਰਡ

ਚੰਡੀਗੜ੍ਹ—ਉਘੇ ਪੰਜਾਬੀ ਵਿਦਵਾਨ ਸ: ਪ੍ਰੀਤਮ ਸਿੰਘ, ਆਈ. ਏ. ਐਸ. ਸੂਚਨਾ ਦਿੰਦੇ ਹਨ ਕਿ ਓਨਟੇਰੀਓ ਦੇ ਪੰਜਾਬੀ ਲੇਖਕਾਂ ਵਲੋਂ ੨੫ ਫਰਵਰੀ ੧੯੯੯ ਨੂੰ ਟਰਾਂਟੋ ਵਿਖੇ ਸ੍ਰੀ ਮਿੱਤਰਰਾਸ਼ਾ ਦੀ ਪ੍ਰਧਾਨਗੀ ਹੇਠ ਇਕਠ ਕਰਕੇ ਉਘੇ ਕਹਾਣੀਕਾਰ ਸ੍ਰੀ ਅਜੀਤ ਸੈਣੀ ਨੂੰ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਸਮੁੱਚੀ ਦੇਣ ਲਈ ੫੦੦ ਡਾਲਰਾਂ ਦੇ ਕੁਲਵੰਤ ਸਿੰਘ ਵਿਰਕ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਆ ਗਿਆ ।

ਸ੍ਰੀ ਅਜੀਤ ਸੈਣੀ ਜੀ ਦੇ ਮੌਕੇ ਤੇ ਹਾਜ਼ਰ ਨਾ ਹੋਣ ਕਾਰਨ ਇੰਗਲੈਂਡ ਤੋਂ ਨਵੇਂ ਨਵੇਂ ਆਏ ਪੰਜਾਬੀ ਲੇਖਕਾ ਸ੍ਰੀਮਤੀ ਬਲਬੀਰ ਕੌਰ ਸੰਘੇੜਾ ਨੇ ਮੈਂਬਰ ਪਾਰਲੀਮੈਂਟ ਜੋਸਫ ਵੌਲਪੇ ਦੇ ਕਰ ਕਮਲਾਂ ਦੁਆਰਾ ਸੈਣੀ ਜੀ ਵਾਸਤੇ ਪੁਰਸਕਾਰ ਸਵੀਕਾਰ ਕੀਤਾ ।

ਸ੍ਰੀ ਜਗਦੇਵ ਨਿੱਝਰ ਤੇ ਸ੍ਰੀਮਤੀ ਬਲਬੀਰ ਕੌਰ ਸੰਘੇੜਾ ਨੇ ਸੈਣੀ ਜੀ ਦੀ ਲੇਖਣੀ ਤੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ।

### ਤਰਸੇਮ ਗੁਜਰਾਲ ਨੂੰ ਪੁਰਸਕਾਰ

ਭਾਸ਼ਾ ਵਿਭਾਗ ਪਟਿਆਲਾ ਵਲੋਂ ਸਾਲ ੧੯੯੮ ਦਾ ਹਿੰਦੀ ਨਿਬੰਧ ਲਈ ਪਹਿਲਾ ਪੁਰਸਕਾਰ ਡਾ: ਤਰਸੇਮ ਗੁਜਰਾਲ ਨੂੰ ਦਿਤਾ ਗਿਆ ਹੈ । ਇਹ ਪੁਰਸਕਾਰ ਉਹਨਾਂ ਦੇ 'ਕਸ਼ਿਮਾ ਕੀਜੀਏ' (ਖਿਮਾ ਕ੍ਰੀਜੀਏ) ਤੇ ਦਿਤਾ ਗਿਆ ਹੈ ।



Sri Satguru Jagjit Singh Ji eLibrary NamdhariElibrary@gmail.com

# ਇਕ ਆਵਾਜ਼

—ਰਾਜਿੰਦਰ ਸਿੰਘ ਗੁਰੂਸਰ

ਭੁਖੇ ਨੂੰ ਬਾਤ ਪਾਈ ਰੋਟੀ । ਅੰਨੇ ਨੂੰ ਬਾਤ ਪਾਈ ਸੋਟੀ ।

ਸਾਡੀ ਤਾਂ ਬਾਤ ਕੇਵਲ ਇਕੋ ਹੈ । "ਪ੍ਰੈਸ"

ਸਾਡੀ ਸਭਿਤਾ ਤੇ ਬ੍ਰਹਿਮੰਡ ਵਿਚ ਦੋ ਮਹਾਨ ਸਕਤੀਆਂ ਕੰਮ ਕਰਦੀਆਂ ਹਨ ।

ਆਕਰਸ਼ਣ ਤੇ ਵਿਕਰਸ਼ਣ ।

ਦੂਸਰੇ ਸ਼ਬਦਾਂ ਵਿਚ, ਉਸਾਰੂ ਸ਼ਕਤੀਆਂ ਤੇ ਢਾਹੂ ਸ਼ਕਤੀਆਂ । ਵੇਖਿਆ ਏਹ ਗਿਆ ਹੈ ਕਿ ਢਾਹੂ ਸ਼ਕਤੀਆਂ ਹੀ ਬਹੁਤ ਵਾਰ ਪ੍ਰਬਲ ਹੁੰਦੀਆਂ ਨੇ ਉਸਾਰੂ ਤਾਕਤਾਂ ਤੇ । ਸਾਡੀ ਪ੍ਰੈਸ ਉਤੇ ਵੀ ਏਹੋ ਫਾਰਮੂਲਾ ਢੁਕਦਾ ਹੈ ।

ਹਾਂ ! ਪਰ ਇਕ ਗੱਲ ਬੇ ਮੌਸਮੀ ਮੈਂ ਕਹਿਣੀ ਚਾਂਹਦਾ ਹਾਂ । ਸਤਿਗੁਰੂ ਜੀ ਦੇ ਏਸ ਘਰ ਵਿਚ ਸਭੋ ਕੁਝ ਹੈ—ਜਿਸਨੂੰ ਤੁਸੀਂ ਅਖੀਂ ਵੇਖ ਰਹੇ ਹੋ । ਨੌਂ ਨਿਧਾਂ ਬਾਰਾਂ ਸਿਧਾਂ । ਅੱਜ ਤੋਂ ਬਹੁਤ ਪਹਿਲਾਂ ਛੱਤੀ ਪਦਾਰਥਾਂ ਦਾ ਵਰਣਨ ਹੈ । ਪਰ ਅੱਜ ਇਕ ਸੌ ਛੱਤੀ ਨਾਲ ਵੀ ਗੱਲ ਬਣਦੀ ਨਹੀਂ ਜਾਪਦੀ । ਹਾਂ ੩੬੦੦ ਕਹਿ ਲਈਏ ਤਾਂ ਠੀਕ ਹੈ । ਏਨਾਂ ਵੱਡਾ ਸੁਕਾਲ ਹੁੰਦਿਆਂ ਹੋਇਆਂ ਵੀ ਏਥੇ ਇਕ ਗੱਲ ਦਾ ਕਾਲ ਹੈ...

ਸਮੇਂ ਦਾ ਅਭਾਵ ।

ਗੱਲ ਮੈਂ ਕਰਨ ਲਗਾ ਸਾਂ ਪ੍ਰੈਸ ਦੀ । ਵਧੀਆ ਪ੍ਰੈਸ ਤੇ ਵਧੀਆ ਲੇਖਕ ਨੂੰ ਅੱਡ ਅੱਡ ਨਹੀਂ ਕੀਤਾ ਜਾ ਸਕਦਾ । ਏਸ ਲਈ ਮੈਂ ਏਸ ਨੂੰ "ਏਕ ਜੋਤ ਦੁਇ ਮੂਰਤੀ" ਦੇ ਤੌਰ ਉਤੇ ਹੀ ਵਰਤਾਂਗਾ ।

ਮੁਕਾਬਲੇ ਦੇ ਤੌਰ ਤੇ ਏਸ ਦੁਨੀਆਂ ਵਿਚ ਦੋ ਸ਼ਕਤੀਆਂ ਹੀ ਕੰਮ ਕਰਦੀਆਂ ਹਨ—ਰਾਜ ਸ਼ਕਤੀ ਅਤੇ ਪ੍ਰੈਸ । ਅੱਜ ਦੇ ਐਟਮ ਪ੍ਰਧਾਨ ਯੁਗ ਵਿਚ, ਦੋਹਾਂ ਸ਼ਕਤੀਆਂ ਦਾ ਸੰਘਰਸ਼ ਚਲ ਰਿਹਾ ਹੈ । ਪਹਿਲਾਂ ਰਾਜ ਸ਼ਕਤੀ ਵੰਗਾਰਦੀ ਹੈ ਲੇਖਕ ਨੂੰ ਅਤੇ ਫੇਰ ਲੇਖਕ ਜਾਂ ਪ੍ਰੈਸ ਵੰਗਾਰਦਾ ਹੈ ਰਾਜ ਨੂੰ ।

ਅੱਜ ਦੀਆਂ ਦੋ ਮਹਾਨ ਤਾਕਤਾਂ ਹਨ ਅਮਰੀਕਾ ਤੇ ਰੂਸ ਜਿਨ੍ਹਾਂ ਨੇ ਥਾਂ ਥਾਂ ਹਥਿਆਰ ਦੇਕੇ ਮੌਤ ਖਲੇਰ ਦਿਤੀ ਹੈ ਲੋਕਾਂ ਵਿਚ । ਮਹਾਨ ਰੂਸ ਵਿਚ-ਜਦੋਂ ਸੱਤਾ ਸਟਾਲਨ ਦੇ ਹੱਥ ਵਿਚ ਆਈ ਤਾਂ—ਰੂਸ ਦੀਆਂ ਆਪਣੀਆਂ ਲਿਖਤਾਂ ਮੁਤਾਬਕ ਸਟਾਲਨ ਨੇ ਢਾਈ ਕਰੋੜ ਲੋਕਾਂ ਨੂੰ ਏਸ ਤਰ੍ਹਾਂ ਕੱਟ ਦਿਤਾ ਜਿਵੇਂ ਬੀਬੀਆਂ ਆਲੂਆਂ ਦੇ ਢੇਰ ਕੱਟ ਦਿੰਦੀਆਂ ਨੇ, ਲੰਗਰ ਵਾਸਤੇ । ਸਟਾਲਨ ਦੀ ਮੌਤ ਪਿਛੋਂ, ਓਸੇ ਕੰਸ ਦੀ ਸਪੁਤਰੀ "ਸ੍ਵੇਤਲਾਨਾ" ਨੇ ਰੂਸ ਦੇ ਵਿਰੁਧ



ਪੰਡਿਤ ਰਾਜਿੰਦਰ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਉਦਘਾਟਨੀ ਸਮਾਰੋਹ (੨੬-੩-੮੯) ਵਿਚ ਇਹ ਪੇਪਰ ਪੜ੍ਹਿਆ ਸੀ । ਜੋ ਗਲਾਂ ਰਾਜਿੰਦਰ ਸਿੰਘ ਜੀ ਨੇ ਕਹੀਆਂ ਹਨ ਉਹ ਇਹ ਹੀ ਕਹਿ ਸਕਦੇ ਸਨ । ਪ੍ਰੈਸ ਨੂੰ ਮਜ਼ਬੂਤ ਕਰਨ ਦੀ ਮੁਖ ਸੁਰ ਵਾਲਾ ਇਹ ਲੇਖ ਬਹੁਤ ਧਿਆਨ ਮੰਗਦਾ ਹੈ । —ਸੰਪਾਦਕ

ਬਗਾਵਤ ਕਰਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿਤਾ ਅਤੇ ਰੂਸ ਦੇ ਹੀ ਮਹਾਨ ਸਪੂਤ ਸਖਾਰੋਵ ਨੇ ਅਮਨ ਤੇ ਸ਼ਾਂਤੀ ਦਾ ਨੋਬਲ ਪ੍ਰਾਈਜ਼ ਜਿਤਿਆ । ਰੂਸ ਦੀਆਂ ਕਾਲੀਆਂ ਕਰਤੂਤਾਂ ਤੋਂ ਪਰਦਾ ਹਟਾਕੇ ।

ਦੁਨੀਆ ਦੇ ਹਜ਼ਾਰਾਂ ਅਮਨ ਪਸੰਦ ਲੇਖਕਾਂ ਅਤੇ ਪ੍ਰੈਸ ਨੇ ਦੱਸ ਦਿਤਾ—ਜੇ ਇਕ ਐਟਮ ਬੰਬ ਨੂੰ ਪਲੀਤਾ ਦਿਤਾ ਗਿਆ ਤਾਂ ਬਾਕੀ ਹਜ਼ਾਰਾਂ ਬੰਬ ਆਪਣੇ ਆਪ ਹੀ ਫੱਟ ਜਾਣਗੇ, ਜਿਵੇਂ ਪਟਾਖਿਆਂ ਦੀ ਦੁਕਾਨ ਵਿਚ ਇਕ ਪਟਾਖਾ ਸਮੇਤ ਦੁਕਾਨ ਦੇ ਆਲੇ ਦੁਆਲੇ ਨੂੰ ਤਬਾਹ ਕਰ ਦਿੰਦਾ ਹੈ ਅਤੇ ਏਹ ਐਟਮੀ ਬੰਬਾਂ ਦੇ ਅੰਬਾਰ ਧਰਤੀ ਨੂੰ ਭਾਫ਼ ਦੀ ਤਰ੍ਹਾਂ ਉਡਾ ਦੇਣਗੇ ਅਤੇ ਸਾਡਾ ਸਾਰਾ ਬ੍ਰਹਿਮੰਡ ਹੀ ਅਸਤ ਵਿਅਸਤ ਹੋ ਜਾਵੇਗਾ ।

ਅੱਜ ਏਸੇ ਪ੍ਰੈਸ ਦੀ ਸ਼ਕਤੀ ਦੁਆਰਾ ਹੀ ਦੁਨੀਆ ਦੇ ਡਿਕਟੇਟਰਾਂ ਨੂੰ ਨੱਥ ਪਾਈ ਜਾ ਰਹੀ ਹੈ ਤੇ ਉਹ ਹਥਿਆਰ ਘਟੌਣ ਵਾਸਤੇ ਮਜਬੂਰ ਹੋ ਰਹੇ ਹਨ ਅਤੇ ਹੁਣ ਸਭ ਤੋਂ ਵੱਡਾ ਮਸਲਾ ਖੜਾ ਹੋ ਗਿਆ ਹੈ—ਏਸ ਪ੍ਰੇਤ ਨੂੰ ਦਫ਼ਨ ਕਿਥੇ ਕੀਤਾ ਜਾਵੇ ?



Sri Satguru Jagjit Singh Ji eLibrary NamdhariElibrary@gmail.com

ਜੇ ਕਾਲੀ ਦਾਸ ਸ਼ਕੁੰਤਲਾ ਨਾ ਲਿਖਦਾ ਤਾਂ ਨਾ ਸ਼ਕੁੰਤਲਾ ਹੀ ਮਸ਼ਹੂਰ ਹੁੰਦੀ ਤੇ ਨਾ ਹੀ ਕਾਲੀ ਤੋਂ ਕਾਲੀ ਦਾਸ ਬਣਦਾ। ਜੇ ਮਹਾਂ ਕਵੀ ਬਾਲਮੀਕ "ਰਾਮਾਯਣ" ਨਾ ਲਿਖਦੇ ਤਾਂ ਨਾ ਹੀ ਰਾਮਚੰਦਰ ਜੀ ਹੀ ਭਗਵਾਨ ਬਣਦੇ ਅਤੇ ਨਾ ਬਾਲਮੀਕ ਦੀ ਹੀ ਕਿਸੇ ਨੂੰ ਯਾਦ ਔਂਦੀ। ਰਾਮ ਚਰਿਤ ਮਾਨਸ ਦੀ ਚਰਚਾ ਅੱਜ ਘਰ ਘਰ ਹੈ। ਤੁਲਸੀ ਤੇ ਰਾਮ ਦੋਨੋਂ ਹੀ ਅਮਰ ਹੋ ਗਏ ਹਨ ਏਸ ਮਹਾਂ ਕਾਵਿ ਲਿਖਣ ਤੇ।

ਪੰਜਾਬੀ ਵਿਚ ਅਸੀਂ ਪਹਿਲੇ ਸਾਂ, ਜਿੰਨ੍ਹਾਂ ਨੇ ਰੋਜ਼ਾਨਾ "ਕੂਕਾ ਅਖਬਾਰ" ਲਾਹੌਰ ਤੋਂ ਕਢਿਆ ਸੀ। ਜੋ ਕ੍ਰਾਂਤੀਕਾਰੀ ਹੋਣ ਤੇ ਅੰਗਰੇਜ਼ ਨੇ ਜ਼ਬਤ ਕਰ ਲਿਆ ਅਤੇ ਉਸ ਤੋਂ ਪਿਛੋਂ ਉਦੋਂ ਤੋਂ ਹੀ "ਸਤਿਜੁਗ" ਮਾਰੂ ਤੇ ਉਸਾਰੂ ਸ਼ਕਤੀਆਂ ਵਿਚ ਸੰਘਰਸ਼ ਕਰਦਾ ਆ ਰਿਹਾ ਹੈ।

ਅੱਜ ਅਖਬਾਰ ਤੇ ਰਸਾਲੇ ਸੌਣ ਦੀ ਹਰਿਆਲੀ ਦੀ ਤਰ੍ਹਾਂ ਉਗ ਰਹੇ ਨੇ। ਏਸ ਗੱਲ ਨੂੰ ਸਮਝੇ ਤੋਂ ਬਿਨਾਂ ਹੀ ਕਿ ਅਖਬਾਰ ਇਕ ਬਹੁਤ ਵੱਡੀ 'ਸਨਅਤ' ਬਣ ਚੁਕਾ ਹੈ। ਏਸੇ ਵਾਸਤੇ ਹਜ਼ਾਰਾਂ ਦਾ ਤਾਂ ਅਰਥ ਹੀ ਕੁਝ ਨਹੀਂ ਨਿਕਲਦਾ। ਹਾਂ ਲੱਖ ਨਹੀਂ, ਲੱਖਾਂ ਨਾਲ ਗੁਜ਼ਾਰਾ ਹੋ ਸਕਦਾ ਹੈ।

ਸਾਨੂੰ 'ਵਰਿਆਮ' ਤੇ ਬੜੀਆਂ ਆਸਾਂ ਸਨ—ਪਰ ਉਹ ਵੀ ਚੌਂਦਾਂ ਸਾਲਾਂ ਪਿਛੋਂ ਮਰਨੇ ਪਿਆ ਹੈ। ਏਸ ਉਤੇ ਵੀ ਮੈਨੂੰ ਰਾਹੂ ਕੇਤੂ ਦਾ ਹੀ ਪ੍ਰਭਾਵ ਪਿਆ ਦਿਸਦਾ ਹੈ। ਮੈਂ ਚਾਹੁੰਦਾ ਹਾਂ, ਸਤਿਗੁਰੂ ਜੀ ਬਤੌਰ ਤਜਰਬਾ ਆਪਦਾ ਸੁਨਹਿਰੀ ਹੱਥ ਏਸ ਦੇ ਸਿਰ ਤੇ ਰਖਣ ਤੇ ਇਕ ਸਾਲ ਪਿਛੋਂ ਅਸੀਂ ਲੇਖਾ ਜੋਖਾ ਕਰੀਏ—ਠੀਕ ਜਾਂ ਗਲਤ ਦਾ।

ਮੈਂ ਸ੍ਰੀ ਸਤਿਗੁਰੂ ਜੀ ਦੀ ਸ਼ਕਤੀ ਨੂੰ ਵੰਗਾਰਨਾ ਨਹੀਂ ਚਾਹੁੰਦਾ। ਪਰ ਏਨਾ ਜ਼ਰੂਰ ਕਹਾਂਗਾ—ਹਰਨ ਭਰਨ ਜਾਕਾ ਨੇਤ੍ਰ ਫੋਰ, ਤਿਸਕਾ ਮੰਤ੍ਰ ਨਾ ਜਾਨੇ ਹੋਰ।

ਏਹਨਾਂ ਨੇ ਮੇਰੇ ਵਰਗੇ ਕੰਗਲਿਆਂ ਤੇ ਰਾਗੀਆਂ ਰਬਾਬੀਆਂ ਨੂੰ ਸ਼ਹਿਨਸ਼ਾਹ ਬਣਾ ਦਿਤਾ। ...ਕੀਰਾਂ ਨੂੰ, ਇਕ ਮੁਠੀ ਭੰਗ ਪਿਛੇ ਹੀ ਬਾਦਸ਼ਾਹੀ ਦਾ ਤਾਜ ਪਹਿਨਾ ਦਿਤਾ। ਅਤੇ ਅੱਜ ਉਹਨਾਂ ਨੂੰ ਕਾਰਾਂ ਵਿਚ ਬੈਠਣ ਤੇ ਵੀ ਤਕਲੀਫ਼ ਹੁੰਦੀ ਹੈ।

ਜੇ ਬੈਂਕ ਵਿਚ ਤ੍ਰੈ ਲੱਖ ਰੁਪੈਆ ਏਸ ਪਰਪਜ਼ ਵਾਸਤੇ ਜਮ੍ਹਾਂ ਕਰਾ ਦਿਤਾ ਜਾਵੇ ਤਾਂ ਬੈਂਕ ਵਿਆਜ ਨਾਲ ਹੀ ਵਰਿਆਮ ਚਲ ਸਕਦਾ ਹੈ ਅਤੇ ਜੇ ਅੰਦਰੋਂ ਹੀ ਸਤਿਗੁਰੂ ਜੀ ਕਿਰਪਾ ਕਰਨ ਤਾਂ ਫੇਰ ਤਾਂ ਕਹਿਣਾ ਹੀ ਕੀ ਹੈ। ਪਰ...

"ਕੌਣ ਆਖੇ ਸਾਹਬ ਨੂੰ ਇੰਜ ਨਹੀਂ ਇੰਜ ਕਰ।"

ਏਹ ਗੁਸਤਾਖੀ ਕਰਨ ਦਾ ਹੌਂਸਲਾ ਵੀ ਮੈਨੂੰ ਤਾਂ ਪਿਆ ਹੈ—ਪਿਛਲੇ ਮਹੀਨੇ ਇਕ ਅਰਜ਼ ਮੈਂ ਏਹਨਾਂ ਕੋਲ ਕੀਤੀ ਸੀ। ਕਹਿਣ ਲਗੇ "ਗੱਲ ਤਾਂ ਤੇਰੀ ਠੀਕ ਹੈ ਪਰ ਕਰਨੀ ਮੈਂ ਆਪ ਦੀ ਮਰਜ਼ੀ ਹੀ ਹੈ" ਅਤੇ ਹੁਣ ਏਹ ਸਭ ਕੁਝ ਏਹਨਾਂ ਦੀ ਰਜ਼ਾ ਤੇ ਹੀ ਨਿਰਭਰ ਹੈ।

ਹੁਣ ਮੈਂ ਸ਼ਤਾਬਦੀ ਦੀ ਗੱਲ ਕਰਦਾ ਹਾਂ। ਜੇਹੜੀ ਸ਼ਤਾਬਦੀ ਅਸੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਨਾ ਕੇ ਉਹਨਾਂ ਦੀ ਮਹਾਨ ਆਤਮਾ ਨੂੰ ਸ਼ਰਧਾਂਜਲੀ ਭੇਟ ਕਰਨੀ ਚਾਹੁੰਦੇ ਹਾਂ—ਏਹੋ ਜੇਹੀਆਂ ਜੇ ਸੌ ਸ਼ਤਾਬਦੀਆਂ ਵੀ ਮਨਾਈਏ ਥੋਹੜੀਆਂ ਹਨ। ਉਹਨਾਂ ਦੇ ਸਮੇਂ ਨੂੰ ਵਿਚਾਰਕੇ ਉਹਨਾਂ ਦੇ ਉਪਕਾਰਾਂ ਤੇ ਸਖਾਵਤਾਂ ਦਾ ਅੰਦਾਜ਼ਾ ਲਾਈਏ, ਤਾਂ ਸੂਰਜ ਨੂੰ ਰੋਸ਼ਨੀ ਵਖੌਣ ਦੇ ਤੁਲ ਹੈ। ਬੀੜ ਤੇ ਜੀਵਨ ਨਗਰ ਦੀਆਂ ਹਜ਼ਾਰਾਂ ਏਕੜ ਜ਼ਮੀਨਾਂ, ਉਹਨਾਂ ਨੇ ਗਰੀਬ ਸਿੱਖਾਂ ਨੂੰ ਵੰਡੀਆਂ ਹੈਨ। ਏਹਨਾਂ ਦਾ ਲੇਖਾ ਜੋਖਾ ਕਰਨਾ ਹੀ ਮੁਸ਼ਕਲ ਹੈ। ਬ੍ਰਹਿਮੰਡ ਦਾ ਅੰਦਾਜ਼ਾ ਅਸੀਂ ਆਪਣੇ ਵਿੱਤ ਮੁਤਾਬਕ ਹੀ ਲਾ ਸਕਦੇ ਹਾਂ।

ਮੇਰੀ ਸਮਝ ਮੁਤਾਬਕ ਤਾਂ ਏਹ ਸ਼ਤਾਬਦੀ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਲੀਹਾਂ ਉਤੇ ਹੀ ਮਨਾਈ ਜਾਣੀ ਚਾਹੀਦੀ ਹੈ।

ਮਾਨਯੋਗ ਐਮ. ਪੀ. ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ ਨੇ ਲਗਾਤਾਰ 'ਸ਼ਤਾਬਦੀ ਨਿਊਜ਼' ਪੰਥ ਦੇ ਅਰਪਨ ਕਰਕੇ, ਬਹੁਤ ਵੱਡੀ ਪੰਥ ਦੀ ਸੇਵਾ ਕੀਤੀ ਹੈ। ਉਸਦੇ ਵਿਚ ਛਪੇ ਸਾਰੇ ਹੀ ਮਜ਼ਮੂਨ ਇਕ ਰਿਕਾਰਡ ਹੈਨ। ਏਸ ਵਾਸਤੇ ਜਿੰਨੀ ਵੀ ਹੰਸਪਾਲ ਜੀ ਦੀ ਤਾਰੀਫ਼ ਕੀਤੀ ਜਾਵੇ ਥੋੜ੍ਹੀ ਹੈ। ਸਾਰੀ ਸਾਧ ਸੰਗਤ ਵਲੋਂ ਮੈਂ ਏਹਨਾਂ ਦਾ ਧੰਨਵਾਦ ਕਰਦਾ ਹਾਂ। ਮੈਂ ਚਾਹੁੰਦਾ ਹਾਂ ਏਸੇ ਤਰ੍ਹਾਂ ਦੀਆਂ ਸਾਖੀਆਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੀਤੇ ਕਾਰਨਾਮਿਆਂ ਦੇ ਲੇਖਾਂ ਨਾਲ ਭਰਪੂਰ ੧੨ ਪਰਚੇ ਕੱਢੇ ਜਾਣ ਤਾਂ ਕੈਸਾ ਰਹੇ? ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਾਕੀ ਦੇਣਾਂ ਨੂੰ ਜੇ ਥੋੜ੍ਹਾ ਜੇਹਾ ਵੱਖ ਵੀ ਕਰ ਦਿਤਾ ਜਾਵੇ ਤੇ ਇਕ ਯਾਦ ਜੋ ਸਾਨੂੰ ਦੇ ਗਏ ਹੈਨ ਆਪਦੇ ਹੀ ਦੂਸਰੇ ਸਰੂਪ ਵਿਚ ਸਤਿਗੁਰੂ ਜਗਜੀਤ ਸਿੰਘ ਜੋ ਏਸ ਸੰਸਾਰ ਵਿਚ ਇਕ ਅਲੌਕਿਕ ਸ਼ਕਤੀ ਹੈ। ਸਾਡੇ ਉਤੇ ਕੀਤੀ ਏਹੋ ਬਖਸ਼ਿਸ਼ ਮਹਾਨ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਸ਼ਾਂਤੀ ਦੇ ਪੁੰਜ, ਧੀਰਜ ਦਾ ਧੁਜਾ ਅਤੇ ਗੁਣਾਂ ਦੀ ਖਾਣ ਹਨ। ਸੰਗੀਤ ਵਿਚ ਏਹਨਾਂ ਦਾ ਸਾਨੀ ਕੋਈ ਵੀ ਨਹੀਂ। ਗੁਰੂ ਜੀ ਸੰਤੋਖ ਤੇ ਸੀਤਲਤਾ ਦੇ ਸੋਮੇ ਹੈਨ। ਅੱਜ ਜੋ ਸ੍ਰੀ ਭੈਣੀ ਸਾਹਿਬ ਦਾ ਨਕਸ਼ਾ ਵੇਖ ਰਹੇ ਹੋ ਏਹ ਏਹਨਾਂ ਦੀ ਹੀ ਦੇਣ ਹੈ। ਸਚੇ ਪਾਤਿਸ਼ਾਹ ਨੇ ਮੇਰੇ ਉਤੇ ਜੋ ਬਖਿਸ਼ਸ਼ ਕੀਤੀ ਹੈ, ਏਸ ਨੂੰ ਸਿਰਫ਼ ਮੈਂ ਹੀ ਜਾਣਦਾ ਹਾਂ। ਮੇਰੇ ਲੇਖ ਵਰਿਆਮ ਵਿਚ ਛਪ ਰਹੇ ਹੈਨ। ਏਹਨਾਂ ਦੀ ਨੂਰਾਨੀ ਝਲਕ ਮੇਰੀ ਅੱਖਾਂ ਰਾਹੀਂ ਤੁਸੀਂ ਪੜ੍ਹਕੇ ਵੇਖ ਸਕਦੇ ਹੋ। ਏਹਨਾਂ ਦੇ ਜੀਵਨ ਦੇ ਇਕ ਦਿਨ ਦੀ ਝਲਕ ਦੱਸਣ ਵਾਸਤੇ ਹੀ ਇਕ ਪੁਸਤਕ ਚਾਹੀਦੀ ਹੈ।


Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਦਾ ਸ਼ਾਨਦਾਰ ਆਰੰਭ



## ਦੇਸ਼ ਵਿਦੇਸ਼ ਤੋਂ ਆਏ ਨੇਤਾਵਾਂ ਅਤੇ ਬੁਧੀਜੀਵੀਆਂ ਦੇ ਭਾਸ਼ਣ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਦਾ ਸ਼ੁਭਾਰੰਭ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਐਤਵਾਰ ਮਿਤੀ ੨੮ ਮਾਰਚ ੧੯੯੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਿਰ ਦੇ ਵਿਸ਼ਾਲ ਹਾਲ ਵਿਚ ਸੰਗਤਾਂ ਦਾ ਮਹਾਨ ਇਕੱਠ ਸਮਾ ਨਹੀਂ ਸੀ ਰਿਹਾ। ਤਿੰਨ ਦਿਨਾਂ ਤੋਂ ਹੋਲੇ ਮਹੱਲੇ ਦੇ ਸਮਾਗਮ ਕਾਰਨ ਵੀ ਦੇਸ਼ ਵਿਦੇਸ਼ ਵਿਚੋਂ ਨਾਮਧਾਰੀ ਸੰਗਤ ਅਤੇ ਨਾਮਧਾਰੀ ਦਰਬਾਰ ਦੇ ਪ੍ਰਤੀਨਿਧ ਪਧਾਰੇ ਹੋਏ ਸਨ। ਲਗਾਤਾਰ ਹੋਲੇ ਦੇ ਦੀਵਾਨ, ਰਾਗੀਆਂ ਦਾ ਕੀਰਤਨ, ਕਵੀ ਦਰਬਾਰ, ਵਖਿਆਨਾਂ ਅਤੇ ਭਾਂਤ ਸੁਭਾਂਤੀ ਮਿਸ਼ਠਾਨਾਂ ਦੇ ਲੰਗਰਾਂ ਦਾ ਇਕ ਅਤੁੱਟ ਸਿਲਸਲਾ ਜਾਰੀ ਰਿਹਾ ਸੀ। ਅੱਜ ਦਾ ਸ਼ਤਾਬਦੀ ਸਮਾਗਮ ਸਭ ਪ੍ਰੋਗਰਾਮਾਂ ਦੀ ਸਿਖਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਸਿਮ੍ਰਤੀ ਮਨਾਂ ਵਿਚ ਸਮੋ ਸਿਮ੍ਰਤੀ ਮੰਦਿਰ ਵਿਚ ਸੰਗਤਾਂ ਸ਼ਤਾਬਦੀ ਬਾਰੇ ਗੱਲਾਂ ਸੁਣਣ ਵਾਸਤੇ ਤਤਪਰ ਸਨ। ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਪ੍ਰਧਾਨ ਸ਼ਤਾਬਦੀ ਕਮੇਟੀ ਦੁਆਰਾ ਉਲੀਕੇ ਪ੍ਰੋਗਰਾਮ ਅਨੁਸਾਰ ਅੱਜ ਬਹੁਤ ਸਾਰੇ ਵਕਤਾਵਾਂ ਨੇ ਉਦਘਾਟਨੀ ਸਮਾਰੋਹ ਵਿਚ ਵਿਚਾਰ ਰਖਣੇ ਸਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਧੀਵਤ ਸ਼ੁਭਾਰੰਭ ਕਰਨਾ ਸੀ।

### ਸੰਤ ਦਲੀਪ ਸਿੰਘ

ਸਭ ਤੋਂ ਪਹਿਲਾਂ ਮੰਚ ਸੰਚਾਲਕ ਸੰਤ ਦਲੀਪ ਸਿੰਘ ਲੁਧਿਆਣਾ ਨੇ ਇਕ ਵਿਸਥਾਰਤ ਭੂਮਿਕਾ ਰਾਹੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਇਤਿਹਾਸ ਦਾ ਵੇਰਵਾ ਦਿਤਾ। ਆਪ ਜੀ ਦੀਆਂ ਮਹਾਨ ਘਾਲਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਦੇ ਸਮਾਗਮ ਵਿਚ ਪੂਰੇ ਸਾਲ ਦੀ ਝਲਕ ਦਿੱਸ ਪਵੇਗੀ। ਸ਼ਤਾਬਦੀ ਮਨਾਣ ਜਾ ਰਹੇ ਸਮਾਗਮ ਦੇ ਸੰਬੰਧ ਵਿਚ ਉਹਨਾਂ ਲੜੀਵਾਰ ਵੱਖ ਵੱਖ ਬੁਲਾਰਿਆਂ ਨੂੰ ਸਟੇਜ ਤੇ ਲਿਆਂਦਾ।

ਸਭ ਤੋਂ ਪਹਿਲਾਂ ਉਹਨਾਂ ਨੇ ਸੁਆਮੀ ਰਾਮਾਨੰਦ ਦੀ ਪਰੰਪਰਾ ਦੇ ਉਤਰਾਧਿਕਾਰੀ ਸਨਾਤਨ ਧਰਮੀ ਮਹਾਤਮਾ ਸ੍ਰੀ ਬਰਹਮ ਬਾਵਰਾ ਜੀ ਨੂੰ ਪੇਸ਼ ਕੀਤਾ।

**ਸ੍ਰੀ ਬਾਵਰਾ ਜੀ ਮਹਾਰਾਜ :** ਆਪ ਜੀ ਨੇ ਨਾਮ ਅਤੇ ਸੇਵਾ ਦੀ ਮਹੱਤਤਾ ਹਿੰਦੀ ਭਾਸ਼ਾ ਵਿਚ ਦਸਦਿਆਂ ਕਿਹਾ ਕਿ ਸਾਰੇ ਯਗ ਤੱਪ ਕਰੋ, ਸਾਰੇ ਧਰਮ ਕਰਮ ਕਰੋ-ਪਰ ਜੇਕਰ ਨਾਮ ਦੀ ਆਸਥਾ ਤੁਹਾਡੇ ਜੀਵਨ ਵਿਚ ਨਹੀਂ ਹੈ ਤਾਂ ਸਭ ਬੇਕਾਰ ਹੋ ਜਾਏਗਾ। ਤੁਲਸੀ ਦਾਸ ਜੀ ਨੇ ਵੀ ਇਸੇ ਦੀ ਹੀ ਪੁਸ਼ਟੀ ਕੀਤੀ ਹੈ। ਨਾਮ ਉਸ ਅੰਕ ਸਮਾਨ ਹੈ ਜੋ ਸਾਰੇ ਸਤਿ ਕਰਮਾਂ ਨੂੰ ਦਸ ਗੁਣਾਂ ਵਧਾ ਦਿੰਦਾ ਹੈ। ਆਪ ਲੋਕਾਂ ਵਿਚ ਸਤਿਗੁਰੂ ਮਹਾਰਾਜ ਨੇ ਦਿਬ ਪ੍ਰਕਾਸ਼ ਨੂੰ ਨਾਮ ਦੇ ਮਾਧਿਅਮ ਰਾਹੀਂ ਪ੍ਰਕਾਸ਼ਤ ਕੀਤਾ ਹੈ। ਇਸੇ ਵਾਸਤੇ ਤੁਹਾਨੂੰ ਨਾਮਧਾਰੀ ਕਿਹਾ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਇਸ ਦਿਵ ਪ੍ਰਕਾਸ਼ ਨਾਲ ਆਲੋਕਿਤ ਕੀਤਾ ਹੈ ਅੱਜ ਉਹਨਾਂ ਦਾ ਸੌਵਾਂ ਜਨਮ ਸਾਲ ਤੁਸੀਂ ਮਨਾ ਰਹੇ ਹੋ। ਸਨਾਤਨ ਧਰਮ ਵਲੋਂ ਮੈਂ ਆਪ ਲੋਗਾਂ ਦੀ ਸੇਵਾ ਵਿਚ ਇਹ ਬੇਨਤੀ ਕਰਨ ਆਇਆ ਹਾਂ ਕਿ ਮੇਰੀਆਂ ਆਂਤਰਿਕ ਸ਼ੁਭ ਕਾਮਨਾਵਾਂ ਆਪ ਲੋਕਾਂ ਦੇ ਨਾਲ ਹਨ।



Sri Satguru Jagjit Singh Ji eLibrary NamdhariElibrary@gmail.com



ਮਾਸਟਰ ਅਜੀਤ ਸਿੰਘ ਚੀਮਾ

**ਮਾਸਟਰ ਅਜੀਤ ਸਿੰਘ ਚੀਮਾ :** ਆਪ ਜੀ ਦਾ ਕਥਨ ਸ਼ੇਖ ਸਾਅਦੀ ਦੇ ਇਕ ਫਾਰਸੀ ਸ਼ੇਅਰ ਨਾਲ ਸ਼ੁਰੂ ਹੋਇਆ ਜਿਸਦਾ ਅਰਥ ਉਹਨਾਂ ਆਪ ਕੀਤਾ ।

"ਜਿਹੜੇ ਮੁਕੰਮਲ ਪੁਰਸ਼ ਨੇ ਉਹਨਾਂ ਦੇ ਦੀਵੇ ਹਮੇਸ਼ਾ ਜਗਦੇ ਰਹਿੰਦੇ ਨੇ । ਉਹ ਹਮੇਸ਼ਾ ਆਮ ਜਨਤਾ ਵਿਚ ਗਿਆਨ ਦੀ ਜੋਤ ਜਗਾ ਕੇ ਜਾਂਦੇ ਨੇ ।"

ਚੀਮਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਇਤਿਹਾਸ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਮਹਾਨ ਸਤਿਗੁਰੂ ਦਸਿਆ । ਉਹਨਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਦ ਅੰਗਰੇਜ਼ ਵਲੋਂ ਨਾਮਧਾਰੀਆਂ ਤੇ ਅਕਹਿ ਜ਼ੁਲਮ ਕੀਤੇ ਗਏ ਅਤੇ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਤੇ ਪੁਲੀਸ ਚੌਕੀ ਬਿਠਾ ਦਿਤੀ ਗਈ । ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਸਾਰ ਤੇ ਆਏ ਉਹ ਚੌਕੀ ਭੈਣੀ ਸਾਹਿਬ ਦੇ ਦਰਵਾਜੇ ਤੋਂ ਚੁਕੀ ਗਈ ਤੇ ਸਾਹਿਬਾਂ ਨੂੰ ਬੰਦੀ ਛੋੜ ਦੇ ਨਾਮ ਨਾਲ ਪੁਕਾਰਿਆ ਗਿਆ । ਚੀਮਾ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸਮਾਜਕ ਕੁਰੀਤੀਆਂ ਦੂਰ ਕਰਨ ਦੇ ਉਪਰਾਲੇ ਸੇਵਾ ਉਪਕਾਰ ਸਿਮਰਨ ਦੀਆਂ ਕਥਾਵਾਂ ਅਤੇ ਸੰਨ ੧੯੪੭ ਦੇ ਘਲੂਘਾਰੇ ਸਮੇਂ ਦੇ ਰੋਲ ਦਾ ਜ਼ਿਕਰ ਕੀਤਾ । ਸਿੱਖਾਂ ਨੂੰ ਜ਼ਮੀਨਾਂ ਦੇਣ ਦੀ ਗੱਲ, ਸੰਗੀਤ ਅਤੇ ਸਮਾਜਕ ਤੇ ਧਾਰਮਕ ਵਖਰੇਵਿਆਂ ਵਿਚ ਵੀ ਏਕਤਾ ਦਾ ਜ਼ਿਕਰ ਕਰਦਿਆਂ ਇਸ ਸ਼ੇਅਰ ਨਾਲ ਆਪਣਾ ਵਿਖਿਆਨ ਸਮਾਪਤ ਕੀਤਾ :

ਤੁਮ ਕੋ ਖ਼ੁਦਾ ਕਹੂੰ ਕਿ ਖ਼ੁਦਾ ਕੋ ਖ਼ੁਦਾ ਕਹੂੰ
ਦੋਨੋਂ ਕੀ ਸੂਰਤ ਏਕ ਹੈ ਕਿਸ ਕੋ ਜੁਦਾ ਕਹੂੰ



ਮਹਾਰਾਜ ਬਾਵਰਾ ਜੀ

**ਸ: ਬੇਅੰਤ ਸਿੰਘ ਪ੍ਰਧਾਨ ਪੰਜਾਬ ਪ੍ਰਦੇਸ ਕਾਂਗਰਸ :** ਮੇਰੇ ਚੰਗੇ ਭਾਗ ਹਨ ਜੋ ਇਸ ਮੁਤਬਰਕ ਦਿਨ ਤੇ ਸਾਧ ਸੰਗਤ ਦੇ ਦਰਸ਼ਨ ਕਰ ਰਿਹਾ ਹਾਂ । ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗੇ ਜੀਵਨ ਦੀ ਕਿਤਾਬ ਚੋਂ ਇਕ ਲਫ਼ਜ਼ ਵੀ ਸਿਖ ਲਈਏ ਤਾਂ ਸਾਡੀ ਕਾਇਆ ਪਲਟ ਹੋ ਜਾਵੇ । ਮੈਂ ਹੱਥ ਬੰਨ੍ਹ ਕੇ ਬੇਨਤੀ ਕਰਾਂਗਾ ਸਾਰੀਆਂ ਸੰਗਤਾਂ ਨੂੰ ਕਿ ਆਓ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਵਿਚੋਂ ਕੋਈ ਨਾ ਕੋਈ ਵਰਕਾ ਪੜ੍ਹੀਏ । ਵਰਕਾ ਪੜ੍ਹਕੇ ਸੇਵਾ ਵਿਚ ਜੁੜ ਜਾਈਏ । ਅਸਲੀ ਮਾਅਨਿਆਂ ਵਿਚ ਮਾਨਵਤਾ ਦੀ ਸੇਵਾ ਕਰੀਏ । ਅਸੀਂ ਇਸ ਵੇਲੇ ਪੰਡਿਤ ਨਹਿਰੂ ਦੀ ਸ਼ਤਾਬਦੀ ਮਨਾ ਰਹੇ ਹਾਂ ਲੇਕਿਨ ਜਿੰਨੀ ਵੱਡੀ ਕੁਰਬਾਨੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿਤੀ ਹੈ ਸਾਡੀ ਕਾਂਗਰਸ ਪਾਰਟੀ ਉਹਨਾਂ ਦੀ ਰਿਣੀ ਹੈ । ਅਸੀਂ ਗਲਤੀ ਕਰ ਰਹੇ ਹੋਵਾਂਗੇ ਜੇ ਅਸੀਂ ਉਹਨਾਂ ਦੀ ਸ਼ਤਾਬਦੀ ਕਾਂਗਰਸ ਪਾਰਟੀ ਵਲੋਂ ਨਾ ਮਨਾਈਏ । ਉਹਨਾਂ ਨੇ ਸਿੱਖੀ ਦਾ ਝੰਡਾ ਚੁੱਕਿਆ, ਮਨੁੱਖਤਾ ਦਾ ਝੰਡਾ ਉਹਨਾਂ ਚੁੱਕਿਆ । ਸਿਮਰਨ ਦਾ ਝੰਡਾ ਉਹਨਾਂ ਚੁੱਕਿਆ ਸੇਵਾ ਦਾ ਮਹਾਤਮ ਉੱਚਾ ਕੀਤਾ । ਅੱਜ ਉਹ ਦਿਨ ਨਹੀਂ ਰਹੇ, ਜੀ ਕਰਦਾ ਹੈ ਉਹ ਦਿਨ ਸੰਗਤ ਤੇ ਵਾਪਸ ਆਉਣ । ਇਸ ਇਲਾਕੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ । ਮਾਛੀਵਾੜੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ, "ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" । ਅੱਜ ਜੋ ਸਾਡਾ ਹਾਲ ਹੈ ਅਸੀਂ ਸਤਿਗੁਰੂ ਜਗਜੀਤ ਸਿੰਘ ਰਾਹੀਂ ਉਸ ਪਰਮਾਤਮਾ ਤਕ ਪਹੁੰਚਾਈਏ । ਸਾਡੇ ਵਿਚ ਜੋ ਊਣਤਾਈਆਂ ਆਈਆਂ ਨੇ ਪਰਮਾਤਮਾ ਹੱਥ ਰੱਖ ਕੇ ਉਹ ਊਣਤਾਈਆਂ ਦੂਰ ਕਰੇ ।


Sri Satguru Jagjit Singh Ji eLibrary NamdhariElibrary@gmail.com

**ਬੀਬੀ ਸਿਮਰਨਜੀਤ ਕੌਰ** ਪ੍ਰਧਾਨ ਇਸਤਰੀ ਨਾਮਧਾਰੀ ਵਿਦਿਅਕ ਜੱਥਾ (ਮੰਡੀ ਹਿਮਾਚਲ) :



ਮਾਂ ਬੱਚੇ ਦਾ ਪਹਿਲਾ ਗੁਰੂ ਹੈ। ਧਰੂ ਪ੍ਰਹਿਲਾਦ ਤੇ ਫਰੀਦ ਦਾ ਮਾਰਗ ਦਰਸ਼ਨ ਕਰਨ ਵਾਲੀਆਂ ਮਾਵਾਂ ਹੀ ਸਨ। ਗੁਰੂਆਂ ਅਵਤਾਰਾਂ ਨੂੰ ਜਨਮ ਦੇਣ ਵਾਲੀਆਂ ਵੀ ਮਾਵਾਂ ਹੀ ਹਨ। ਨਾਰੀ ਸਦਾ ਹੀ ਮਨੁੱਖ ਦੀ ਪ੍ਰੇਰਨਾ ਰਹੀ ਹੈ ਭਾਵੇਂ ਕਿਸੇ ਰੂਪ ਵਿਚ ਵੀ ਹੋਵੇ। ਬੱਚਿਆਂ ਦੇ ਮਾਨਸਕ ਵਿਕਾਸ ਵਾਸਤੇ ਜਿਥੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਇਨੇ ਪੈਸੇ ਖਰਚ ਕਰਦੇ ਹਾਂ, ਸਰੀਰਕ ਵਿਕਾਸ ਵਾਸਤੇ ਇਨੇ ਪੈਸੇ ਖਰਚ ਕਰਦੇ ਹਾਂ, ਸਰੀਰਕ ਵਿਕਾਸ ਲਈ ਵਧੀਆ ਤੋਂ ਵਧੀਆ ਭੋਜਨ ਖੁਆਂਦੇ ਹਾਂ ਸਾਡਾ ਇਹ ਵੀ ਫਰਜ਼ ਬਣਦਾ ਹੈ ਕਿ ਬੱਚਿਆਂ ਦੇ ਆਤਮਕ ਵਿਕਾਸ ਲਈ ਕੁਝ ਸਮਾ ਨਾਮ ਬਾਣੀ ਵਲ ਲਾਈਏ ਸਾਧ ਸੰਗਤ ਵਿਚ ਲੈ ਕੇ ਆਈਏ। ਤਾਂਕਿ ਬੱਚਿਆਂ ਦੇ ਦਿਲਾਂ ਵਿਚ ਭਾਓ ਪੈਦਾ ਹੋ ਸਕੇ। ਇਹ ਸਾਡਾ ਨੈਤਿਕ ਕਰਤੱਵ ਬਣਦਾ ਹੈ।

**ਜਗਦੀਸ਼ ਸਿੰਘ ਸੰਪਾਦਕ ਵਰਿਆਮ :** ਅੱਜ ਹਿੰਦੁਸਤਾਨ ਵਿਚ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਹਨ। ਇਕ ਸ਼ਤਾਬਦੀ ਪੰਡਿਤ ਨਹਿਰੂ ਜੀ ਦੇ ਜਨਮ ਦੀ ਹੈ। ਇਸ ਦਾ ਪਰਚਾਰ ਮੀਡੀਆ, ਰੇਡੀਓ, ਟੈਲੀਵੀਜਨ ਅਤੇ ਅਖਬਾਰਾਂ ਰਾਹੀਂ ਲਗਾਤਾਰ ਹੋ ਰਿਹਾ ਹੈ। ਦੂਜੀ ਸ਼ਤਾਬਦੀ ਦਾ ਉਦਘਾਟਨ ਇਸ ਪਿੰਡ ਚੋਂ ਹੋ ਰਿਹਾ ਹੈ। ਇਸ ਪਿੰਡ ਵਿਚੋਂ ਦੋ ਸੌ ਸਾਲ ਦੇ ਗੁਲਾਮੀ ਦੇ ਵਗਦੇ ਹੜ ਨੂੰ ਠੱਲ ਪਾਉਣ ਦਾ ਜਤਨ ਕੀਤਾ ਗਿਆ। ਸਾਰਾ ਭਾਰਤ ਦੋ ਸੌ ਸਾਲ ਦੀ ਗੁਲਾਮੀ ਤੋਂ ਜਦੋਂ ਆਜ਼ਾਦ ਹੋਇਆ ਤਾਂ ਉਸ ਆਜ਼ਾਦੀ ਨੂੰ ਆਉਂਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਵੇਖਿਆ ਅਤੇ ਸਾਰੇ ਹਿੰਦੁਸਤਾਨ ਨੂੰ ਦਰਸ਼ਨ ਕਰਵਾਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ, ਪ੍ਰਤਾਪ, ਸਤਿ, ਅਹਿੰਸਾ ਅਤੇ ਬੰਦਖਲਾਸ ਦਾ ਪ੍ਰਤੀਕ ਹੈ। ਵੱਖ ਵੱਖ ਬੁਲਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਬੋਲੇ ਹਨ ਅਤੇ ਬੋਲਣਗੇ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਮੁੱਚੀ ਸ਼ਖਸੀਅਤ ਅਤੇ ਸਮਾਜ ਨੂੰ ਦੇਣ ਦਾ ਮੁਲਾਂਕਣ ਨਹੀਂ ਹੋ ਸਕਣਾ। ਕਈਆਂ ਨੂੰ ਮਨੁੱਖ ਜਨਮ ਨਸੀਬ ਨਹੀਂ ਹੁੰਦਾ। ਕਈਆਂ ਨੂੰ ਜਨਮ ਮਿਲਦਾ ਹੈ ਸਤਿਗੁਰੂ ਨਹੀਂ ਮਿਲਦਾ। ਕਈਆਂ ਨੂੰ ਸਤਿਗੁਰੂ ਮਿਲਦਾ ਹੈ ਮੌਕਾ ਨਹੀਂ ਮਿਲਦਾ। ਸਾਧ ਸੰਗਤ ਤੁਹਾਨੂੰ ਅਵਸਰ ਮਿਲਿਆ ਹੈ ਤੁਹਾਡਾ ਤਨ, ਮਨ, ਧਨ, ਵਕਤ, ਦਿਲ ਦਿਮਾਗ ਇਸ ਸ਼ਤਾਬਦੀ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਇਕ ਪਾਸੇ ਸਰਕਾਰੀ ਸ਼ਤਾਬਦੀ ਹੈ ਇਕ ਪਾਸੇ ਦੀਵਾਨਿਆਂ ਦੀ ਸ਼ਤਾਬਦੀ ਹੈ। ਸੰਨ ੧੯੩੪ ਦੀ ੧੩-੧੪ ਅਕਤੂਬਰ ਨੂੰ ਇਸੇ ਥਾਂ ਹੀ ਗੁਰੂ ਨਾਨਕ ਸਰਬ ਸੰਪ੍ਰਦਾਇ ਗੁਰੂ ਨਾਨਕ ਕਾਨਫਰੰਸ ਹੋਈ ਸੀ। ਹੁਣ ਆਸ ਹੈ ਕਿ ਹਰ ਸੋਚ ਤੇ ਵਿਚਾਰਾਂ ਵਾਲੀਆਂ ਸਿਆਸੀ ਸਮਾਜੀ ਧਾਰਮਕ ਸੰਸਥਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਰਿਣ ਚਕਾਉਣਗੀਆਂ ਅਤੇ ਉਹਨਾਂ ਦੀ ਸ਼ਤਾਬਦੀ ਵਿਚ ਸ਼ਾਮਲ ਹੋਣਗੀਆਂ। ਸਤਿਗੁਰੂ (ਮੌਜੂਦਾ) ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਸਾਡਾ ਮਾਰਗ ਦਰਸ਼ਨ ਕਰੋ ਕਿ ਅਸਾਂ ਕੀ ਕਰਨਾ ਹੈ। ਸਾਨੂੰ ਹਿੰਮਤ ਦਿਓ ਕਿ ਆਪ ਜੀ ਦੇ ਬਚਨਾਂ ਉਤੇ ਫੁੱਲ ਚੜ੍ਹਾ ਸਕੀਏ।

**ਸ: ਜਸਵਿੰਦਰ ਸਿੰਘ** ਰੀਸਰਚ ਸਕਾਲਰ : ਸ੍ਰੀ ਭੈਣੀ ਸਾਹਿਬ ਨੂੰ ਇਤਿਹਾਸਕ ਮਹੱਤਤਾ ਸਤਿਗੁਰੂ ਰਾਮ ਸਿੰਘ ਜੀ ਨੇ ਦਵਾਈ ਹੈ। ਇਸ ਅਸਥਾਨ ਨੂੰ, ਜਿਥੇ ਤੁਸੀਂ ਬੈਠੇ ਹੋ



ਇਤਿਹਾਸਕ ਮਹੱਤਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਵਾਈ ਹੈ ੧੯੩੪ ਦੀ ਸਰਬ ਸੰਪ੍ਰਦਾਇ ਕਾਨਫਰੰਸ ਕਰਕੇ। ਆਪ ਜੀ ਦਾ ਅਵਤਾਰ ਚੇਤ ਵਦੀ ਤੀਜ ੧੯੪੬ ਬਿਕਰਮੀ ਨੂੰ ੯ ਮਾਰਚ ੧੮੯੦ ਵਾਲੇ ਦਿਨ ਹੋਇਆ। ਕਲ ਤੱਕ ੯੯ ਸਾਲ


Sri Satguru Jagjit Singh Ji eLibrary NamdhariElibrary@gmail.com

ਪੂਰੇ ਹੋ ਗਏ ਹਨ ਅਤੇ ਅੱਜ ਸੌਵਾਂ ਸ਼ੁਰੂ ਹੋ ਗਿਆ ਹੈ। ਜੋ ਕਾਂਗਰਸ ਨੇ ਕੰਮ ਕੀਤਾ ਉਸ ਦੇ ਪੂਰਣੇ ਗੁਰੂ ਰਾਮ ਸਿੰਘ ਜੀ ਕਾਂਗਰਸ ਤੋਂ ਪੰਜਾਹ ਸਾਲ ਪਹਿਲਾਂ ਹੀ ਪਾ ਗਏ ਸੀ। ਭਾਵੇਂ ਅਸੀਂ ਅੰਗਰੇਜ਼ ਦਾ ਬਾਈਕਾਟ ਰਖਿਆ ਪਰ ਫੇਰ ਵੀ ਉਸਨੇ ਨਾਮਧਾਰੀਆਂ ਦੀ ਸ਼ਲਾਘਾ ਕਰਦਿਆਂ ਬੜੇ ਅਛੇ ਅਛੇ ਸ਼ਬਦ ਲਿਖੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਕਾਂਗਰਸ ਨੂੰ ਸਹਿਯੋਗ ਦੇਣਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਇਕ ਹਿੱਸਾ ਸੀ। ੧੯੨੯ ਵਿਚ ਲਾਹੌਰ ਕਾਂਗਰਸ ਸੈਸ਼ਨ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੰਘਾਂ ਨੂੰ ਸ਼ਾਮਲ ਕਰਕੇ ਸਾਰੇ ਸਿੱਖਾਂ ਦਾ ਮਾਨ ਰੱਖ ਲਿਆ। ਸਤਿਗੁਰੂ ਜੀ ਦੇ ਬਹੁਤ ਉਪਕਾਰ ਹਨ, ਸੰਗੀਤ ਆਰਥਕ ਖੇਤਰ, ਸਮਾਜਕ ਖੇਤਰ, ਪੰਜਾਬੀ ਕਾਨਫਰੰਸ ਤੇ ਹਿੰਦੂ ਸਿੱਖ ਮਿਲਾਪ ਕਾਨਫਰੰਸਾਂ ਥਾਂ ਥਾਂ ਤੇ ਕੀਤੀਆਂ ਅਤੇ ੧੯੪੭ ਦੇ ਘਲੂਘਾਰੇ ਤੋਂ ਸੁਚੇਤ ਕੀਤਾ। ਉਹਨਾਂ ਦਾ ਜੱਸ ਕਰਨ ਲਈ ਬਹੁਤ ਪੁਸਤਕਾਂ ਤੇ ਸਮਾਂ ਚਾਹੀਦਾ ਹੈ ਪਰ ਫਿਰ ਵੀ ਰਹਿ ਜਾਏਗਾ—ਸੰਗਤਾਂ ਦੇ ਸਹਿਯੋਗ ਨਾਲ ਪ੍ਰੋਗਰਾਮ ਵਕਤ ਵਕਤ ਸਿਰ ਦਸੇ ਜਾਣਗੇ।

**ਪ੍ਰੀਤਮ ਸਿੰਘ ਕਵੀ** : ਸਤਿਗੁਰੂ ਪ੍ਰਤਾਪ ਸਿੰਘ ਦੀ ਇਛਾ ਸੀ ਮੈਂ ਲੇਖਕ ਬਣਾਂ। ਮੈਂ ਨਹੀਂ ਸੀ ਬਨਣਾ ਚਾਹੁੰਦਾ ਪਰ ਉਹਨਾਂ ਨੇ ਮੈਨੂੰ ਲੇਖਕ ਬਣਾ ਹੀ ਦਿਤਾ। ਤੇ ਅੱਜ ਮੈਨੂੰ ਕੋਈ ਚਿੰਤਾ ਨਹੀਂ। ਮੈਂ ੧੮੦੦੦ ਸਫਾ ਲਿਖਿਆ ਹੈ ਜਿਸ ਵਿਚ ਸਤਿਗੁਰੂ ਜੀ ਦੀਆਂ ਯਾਦਾਂ ਸਮਾਈਆਂ ਹੋਈਆਂ ਹਨ। ਮੈਂ ਤਾਂ ਜਦੋਂ ਅਪਨਾ ਮੰਨ ਜੋੜਦਾ ਹਾਂ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਬਖਸ਼ਿਸ਼ ਪ੍ਰਤੀਤ ਹੁੰਦੀ ਹੈ। ਸਤਿਗੁਰੂ ਪ੍ਰਤਾਪ ਜੀ ਤੋਂ ਬਚਪਨ ਤੋਂ ਹੀ ਬੜਾ ਪਿਆਰ ਮਿਲਿਆ ਹੈ। ਕਸੂਤੇ ਰਹਿ ਕੇ ਵੀ ਪਿਆਰ ਲਿਆ ਹੈ ਅਨੰਦ ਲਿਆ ਹੈ।



ਵਰਤਮਾਨ ਸਤਿਗੁਰੂ ਜੀ ਦੀਆਂ ਕਿਆ ਬਾਤਾਂ ਨੇ।

ਸਾਰੀਆਂ ਗੱਲਾਂ ਜਿਹੜੀਆਂ ਮਿਹਰਬਾਨੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੇ ਤੇ ਕਰਨੀਆਂ ਚਾਹੁੰਦੇ ਸਨ ਇਹਨਾਂ ਨੇ ਉਹ ਕਰਕੇ ਆਪਣੇ ਚਰਨਾਂ ਦੇ ਆਸਰੇ ਦਾ ਸੁਖ ਤਾਂ ਸਿੱਖ ਨੂੰ ਬਣਾ ਹੀ ਦਿੰਦੇ ਹਨ—ਕੋਈ ਕਸਰ ਨਹੀਂ ਬਾਕੀ ਰਹਿਣ ਦਿਤੀ। ਹਰ ਤਰ੍ਹਾਂ ਦੇ ਲੋਕ ਪਰਲੋਕ ਦੇ ਸੁਖ ਸਤਿਗੁਰਾਂ ਨੇ ਬਖਸ਼ੇ ਹੋਏ ਨੇ। ਇਹਨਾਂ ਸ਼ਬਦਾਂ ਨਾਲ ਮੈਂ ਸਤਿਗੁਰਾਂ ਨੂੰ ਪ੍ਰਨਾਮ ਕਰਦਾ ਹਾਂ।

**ਸੁਰਜੀਤ ਸਿੰਘ ਜੀਤ ਯੂ.ਕੇ. ਰੀਸਰਚ ਸਕਾਲਰ** ਸਾਬਕ ਸਕੱਤਰ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ :



ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਤਮੰਨਾ ਸੀ ਕਿ ਨਾਮਧਾਰੀ ਇਤਿਹਾਸ ਲਿਖਵਾਇਆ ਜਾਵੇ। ਉਹਨਾਂ ਨੇ ਜੀਵਨ ਵਿਚ ਬਹੁਤ ਸਾਰੇ ਜਤਨ ਕੀਤੇ। ਸ: ਨਾਹਰ ਸਿੰਘ ਤੋਂ ਇਤਿਹਾਸ ਲਿਖਵਾਇਆ। ਲਾਇਬਰੇਰੀਆਂ ਤੇ ਆਰਕਾਈਵਜ਼ ਵਿਚੋਂ ਰੀਸਰਚ ਕਰਵਾਈ ਜਿਸ ਨੂੰ ਫਲ ਲਗੇ ਐਮ.ਐਲ. ਆਹਲੂਵਾਲੀਆ, ਡਾ: ਫੌਜਾ ਸਿੰਘ ਤੇ ਜਸਵਿੰਦਰ ਸਿੰਘ ਹੋਰਾਂ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਲਿਖੀਆਂ। ਮੇਰੀ ਤਮਨਾ ਹੈ ਕਿ ਇਸ ਸ਼ਤਾਬਦੀ ਸਮੇਂ ਘਟੋ ਘੱਟ ਇਕ ਸੌ ਪੁਸਤਕ ਨਾਮਧਾਰੀ ਇਤਿਹਾਸ ਦੀ ਜ਼ਰੂਰ ਲਿਖਵਾਈ ਜਾਵੇ ਤਾਕਿ ਸਹੀ ਮਾਅਨਿਆਂ ਵਿਚ ਅਸੀਂ ਯਾਦ ਮਨਾ ਸਕੀਏ।

**ਸ: ਸਤਵੰਤ ਸਿੰਘ ਪਾਲਰੇ** ਪ੍ਰਧਾਨ ਨਾਮਧਾਰੀ ਸੰਗਤ ਤਨਜ਼ਾਨੀਆ : ਸਤਿਗੁਰੂ ਪ੍ਰਤਾਪ ਸਿੰਘ ਜੀ ੧੯੫੫ ਵਿਚ ਤਨਜ਼ਾਨੀਆ ਗਏ ਸਨ। ਪੰਜ ਦਿਨ ਰਹੇ ਸਨ। ਉੱਚ ਕੋਟੀ ਦੇ ਸਿਖ ਬਣਾਏ। ਸਹਿਜਧਾਰੀ ਸਿੱਖ ਵੀ ਸਜੇ। ਅੱਠ ਅੱਠ ਘੰਟੇ ਨਾਮ ਸਿਮਰਨ ਹੀ ਮੰਗਿਆ। ਤਨਜ਼ਾਨੀਆ ਵਿਚ ਸਤਿਗੁਰਾਂ ਬਹੁਤ ਹੀ ਕਿਰਪਾ ਕੀਤੀ। ਸਤਿਗੁਰੂ ਜੀ ਸਾਨੂੰ ਬਲ ਬਖਸ਼ਣ ਕਿ ਅਸੀਂ ਸਤਿਗੁਰੂ ਜੀ ਨੂੰ ਯਾਦ ਕਰ ਸਕੀਏ ਅਤੇ ਸ਼ਤਾਬਦੀ ਨੂੰ ਯੋਗ ਢੰਗ ਨਾਲ ਮਨਾ ਸਕੀਏ।



Sri Satguru Jagjit Singh Ji eLibrary NamdhariElibrary@gmail.com





**ਸੂਬਾ ਸਤਿਨਾਮ ਸਿੰਘ ਨੈਰੋਬੀ** (ਕੀਨੀਆ) : ਸਤਿਗੁਰਾਂ ਬਹੁਤ ਪਰਉਪਕਾਰ ਕੀਤਾ। ੧੯੫੩ ਵਿਚ ਪਹਿਲੀ ਵਾਰ ਅਫਰੀਕਾ ਦੀ ਧਰਤੀ ਨੂੰ ਭਾਗ ਲਾਏ। ਪਹਿਲੇ ਦੌਰੇ ਸਮੇਂ ਉਥੇ ਕੇਵਲ ਇਕ ਪਰਿਵਾਰ ਹੀ ਐਸਾ ਸੀ ਜੋ ਮਾਸ ਸ਼ਰਾਬ ਤੋਂ ਰਹਿਤ ਸੀ। ਉਸ ਘਰ ਸਤਿਗੁਰੂ ਜੀ ਨੇ ਲੰਗਰ ਕੀਤਾ ਨਹੀਂ ਤਾਂ ਉਹਨਾਂ ਦਾ ਐਲਾਨ ਸੀ ਕਿ ਉਹ ਲੰਗਰ ਆਪ ਤਿਆਰ ਕਰਨਗੇ। ਇਹ ਸਤਿਗੁਰਾਂ ਦੀ ਹੀ ਬਖਸ਼ਿਸ਼ ਸੀ ਕਿ ਉਥੇ ਅਣਗਿਣਤ ਸਿੱਖ ਸਜੇ ਅਤੇ ਹੋਲੇ ਮਹੱਲੇ ਵੀ ਹੋਏ। ਸ੍ਰੀ ਬੁੱਧ ਰਾਮ ਜੀ, ਬੀਰ ਚੰਦ ਜੀ ਅੱਠ ਅੱਠ ਘੰਟੇ ਨਾਮ ਸਿਮਰਨ ਵਾਲੇ ਸਿੱਖ ਵੀ ਤਿਆਰ ਹੋਏ।

ਮੌਜੂਦਾ ਸਤਿਗੁਰੂ ਜੀ ਸੰਗਤ ਤੇ ਕਿਰਪਾ ਰੱਖ ਰਹੇ ਹਨ ਅਤੇ ਸਾਨੂੰ ਠੀਕ ਪਾਸੇ ਲਾਇਆ ਹੈ। ਅਸੀਂ ਸਤਿਗੁਰੂ ਜੀ ਦੀ ਸ਼ਤਾਬਦੀ ਵਿਚ ਅਪਣਾ ਹਿਸਾ ਜ਼ਰੂਰ ਪਾਵਾਂਗੇ।

**ਸੇਠ ਪਿਆਰਾ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਥਾਈਲੈਂਡ**—ਮੈਂ ਉਤਮ ਭਾਗ ਸਮਝਦਾ ਹਾਂ ਜੋ ਪਰਬੰਧਕਾਂ ਨੇ ਮਾਨ ਬਖਸ਼ਿਆ ਹੈ ਇਥੇ ਬੋਲਨ ਦਾ। ਸ਼ਤਾਬਦੀ ਦਾ ਉਪਰਾਲਾ ਕੀਤਾ ਹੈ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੱਡੀ ਦੇਣ ਹੈ ਜੋ ਉਹਨਾਂ ਸਾਡੇ ਤੇ ਉਪਕਾਰ ਕੀਤਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਆਮ ਵਿਚ ੨੨ ਦੌਰੇ ਕਰਕੇ ਨਿਵਾਜਿਆ ਹੈ ਉਹਨਾਂ ਦੇ ਗੁਣ ਦਸ ਨਹੀਂ ਸਕਦਾ ਉਹਨਾਂ ਦੇ ਬਚਨਾਂ ਨਾਲ ਹੀ ਰੋਗੀ ਠੀਕ ਹੋ ਗਏ। ਸ਼ਤਾਬਦੀ ਮਨਾਉਣ ਦਾ ਸੁਭਾਗ ਅਵਸਰ ਮਿਲਿਆ ਹੈ ਅਸੀਂ ਇਸ ਨੂੰ ਪੂਰੀ ਸ਼ਰਧਾ ਨਾਲ ਮਨਾਵਾਂਗੇ—ਧਨ ਸਤਿਗੁਰੂ ਪ੍ਰਤਾਪ ਸਿੰਘ।

**ਸ: ਪ੍ਰੀਤਮ ਸਿੰਘ ਗੀਹਲ ਪ੍ਰਧਾਨ ਨਾਮਧਾਰੀ ਸੰਗਤ ਯੂ. ਕੇ.** : ਸਾਰੇ ਆਖੋ ਧਨ ਸਤਿਗੁਰੂ ਪ੍ਰਤਾਪ ਸਿੰਘ ਜੀ। ਅਜ ਇਸ ਹਾਲ ਵਿਚ ਜਿੰਨੇ ਵੀ ਮਹਾਂ ਪੁਰਸ਼ ਬੈਠੇ ਹਨ ਉਹਨਾਂ ਦਾ ਮਨ ਸਤਿਗੁਰਾਂ ਦੇ ਚਰਨਾਂ ਵਿਚ ਹੈ। ਅਸੀਂ ਬੰਜ਼ੁਰਗਾਂ ਕੋਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਹੁਤ ਗਲਾਂ ਸੁਣੀਆਂ ਹਨ। ਸਾਡਾ ਪਿੰਡ ਕਰੀਹਾਂ ਨਵਾਂ ਸ਼ਹਿਰ ਕੋਲ ਹੈ। ਸਾਰਾ ਪਿੰਡ ਮੁਸਲਮਾਨਾਂ ਦਾ ਅਤੇ ਹੁੱਕੇ ਪੀਣ ਵਾਲਿਆਂ ਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਥੇ ਦਰਸ਼ਨ ਦਿਤੇ ਤਾਂ ਸਾਰੇ ਪਿੰਡ ਦਾ ਕਲਿਆਣ ਹੋ ਗਿਆ। ਦਾਸ ਤੇ ਸਤਿਗੁਰਾਂ ਨੇ ਬੜੀ ਬਖਸ਼ਿਸ਼ ਕੀਤੀ ਹੈ। ਸਾਨੂੰ ਇਹ ਸ਼ਤਾਬਦੀ ਦਾ ਅਵਸਰ ਭਾਗਾਂ ਨਾਲ ਮਿਲਿਆ ਹੈ ਇਹ ਬਹੁਤ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ। ਮੈਂ ਸਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ ਸੀ ਕਿ ਅਗਲਾ ਸ਼ਤਾਬਦੀ ਦਾ ਹੋਲਾ ਦਾਸ ਨੂੰ ਦਿਤਾ ਜਾਵੇ। ਸਾਧ ਸੰਗਤ ਜੀ ਉਹ ਸਾਡੀ ਅਰਜ਼ ਪਰਵਾਨ ਹੋ ਗਈ ਹੈ। ਸੋ ਅਗਲਾ ਭੈਣੀ ਸਾਹਿਬ ਹੋਲਾ ਸਾਡੇ ਵਲੋਂ ਹੋਵੇਗਾ। ਯੂ. ਕੇ. ਵਿਚ ਵੀ ਅਸੀਂ ਸਤਿਗੁਰੂ ਜੀ ਦੀ ਸ਼ਤਾਬਦੀ ਬਹੁਤ ਸ਼ਾਨ ਨਾ ਮਨਾਵਾਂਗੇ। ਸਾਡੇ ਵਸ ਕੁਝ ਨਹੀਂ ਹੈ ਇਹ ਬਖਸ਼ਿਸ਼ ਸਾਰੀ ਸਤਿਗੁਰੂ ਜੀ ਦੀ ਹੈ।

**ਸੇਠ ਤਰਲੋਕ ਸਿੰਘ ਚਾਵਲਾ**—ਮੇਰੇ ਪਿਤਾ ਜੀ ਸੇਠ ਫੂਲਾ ਸਿੰਘ ਜੀ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਨ ਵਿਚ ਰਿਕਾਰਡ ਹੋਇਆ ਹੈ ਕਿ ਉਹ ਦੀਵਾਨ ਵਿਚ ਸਭ ਤੋਂ ਪਹਿਲਾਂ ਆ ਜਾਂਦੇ ਸਨ! ਸੱਚੇ ਪਾਤਸ਼ਾਹ ਜੀ ਦੇ ਇਹ ਬਚਨ ਸੁਣ ਕੇ ਮੈਨੂੰ ਸੰਗਾ ਆਉਂਦੀ ਹੈ ਤੇ ਮੈਂ ਸੋਚਦਾ ਹਾਂ ਕਿ ਮੈਂ ਉਹਨਾਂ ਦਾ ਪੁਤਰ ਹੋ ਕੇ ਕਿਹੜੇ ਵੇਲੇ ਦੀਵਾਨ ਵਿਚ ਆਉਂਦਾ ਹਾਂ। ਮੇਰੇ ਤੇ ਸਤਿਗੁਰਾਂ ਦੇ ਏਨੇ ਉਪਕਾਰ



Sri Satguru Jagjit Singh Ji eLibrary NamdhariElibrary@gmail.com



ਨੇ ਕਿ ਮੇਰੇ ਸਰੀਰ ਤੇ ਜਿੰਨੇ ਰੋਮ ਨੇ ਏਨੇ ਜਨਮ ਵੀ ਸਤਿਗੁਰੂ ਹੋਰ ਦੇ ਦੇਣ ਤਾਂ ਸਤਿਗੁਰਾਂ ਦੇ ਉਪਕਾਰ ਦਾ ਵਰਨਣ ਨਹੀਂ ਕਰ ਸਕਦਾ। ਮੇਰੇ ਤੇ ਜੋ ਕ੍ਰਿਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਉਹ ਤੁਹਾਡੇ ਤੋਂ ਭੁਲੀ ਹੋਈ ਨਹੀਂ।

ਸਭ ਤੋਂ ਵਡੀ ਦੇਣ ਜੋ ਨਾਮਧਾਰੀ ਪੰਥ ਨੂੰ ਦਿਤੀ ਉਹ ਤੁਹਾਡੇ ਤੋਂ ਭੁਲੀ ਹੁਈ ਨਹੀਂ। ਇਕ ਪਾਸੇ ਮਹਾਨ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਦੇ ਦਿਤਾ ਇਕ ਪਾਸੇ ਉਹਨਾਂ ਦਾ ਹੀ ਭਰਾ ਮਹਾਨ ਸੇਵਕ ਦੇ ਦਿਤਾ।...

ਅਸੀਂ ਪਿੰਡ ਪਿੰਡ, ਸ਼ਹਿਰ ਸ਼ਹਿਰ ਤੇ ਬਦੇਸ਼ਾਂ ਵਿਚ ਸ਼ਤਾਬਦੀ ਮਨਾਈਏ। ਅਸੀਂ ਸਮਰਥਾ ਰਖਦੇ ਹਾਂ ਇਸ ਗੱਲ ਦੀ। ਐਸ ਵੇਲੇ ਸਤਿਗੁਰਾਂ ਦੀ ਕ੍ਰਿਪਾ ਨਾਲ ਘਰਾਂ ਵਿਚ ਦੋ ਦੋ, ਤਿੰਨ ਤਿੰਨ ਕਾਰਾਂ ਖੜੀਆਂ ਹਨ। ਜਿਹੜੇ ਸਜਨ ਹੋਲਾ ਕਰਾ ਰਹੇ ਹਨ ਸ: ਮੱਖਣ ਸਿੰਘ, ਅਵਤਾਰ ਸਿੰਘ ਜੀ ਮੈਂ ਉਹਨਾਂ ਨੂੰ ਕਿਹਾ ਕਿ ਤੁਹਾਡੇ ਤੇ ਬੜੀ ਕਿਰਪਾ ਹੈ ਜੋ ਤੁਸੀਂ ਹੋਲਾ ਮਨਾ ਰਹੇ ਹੋ। ਕਹਿਣ ਲੱਗੇ ਇਹ ਬਖਸ਼ਿਸ਼ ਸਾਰੀ ਸਤਿਗੁਰਾਂ ਦੀ ਹੀ ਹੈ। ਸਾਡੀ ਇਹਦੇ ਵਿਚ ਕੋਈ ਗੱਲ ਨਹੀਂ। ਸਾਰਿਆਂ ਦੇ ਮਨ ਏਦਾਂ ਦੇ ਬਣ ਜਾਣ। ਸ਼ਤਾਬਦੀ ਪੂਰੀ ਸ਼ਰਧਾ ਨਾਲ ਮਨਾਣੀ ਚਾਹੀਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੱਸ ਸਾਰੀ ਦੁਨੀਆ ਵਿਚ ਫੈਲੇ।

ਬੈਂਕੌਕ ਵਿਚ ਜਿੰਨੇ ਸ਼ਤਾਬਦੀ ਸਮਾਰੋਹ ਮਨਾਏ ਜਾ ਸਕਣ ਮਨਾਏ ਜਾਣ। ਸੱਚੇ ਪਾਤਸ਼ਾਹ ਕਿਰਪਾ ਕਰਨ ਇਕ ਸ਼ਤਾਬਦੀ ਤੇ ਬੈਂਕੌਕ ਵਿਚ ਜੋ ਖਰਚਾ ਆਵੇ ਮੈਂ ਦਿਆਂਗਾ।

**ਪੰਡਿਤ ਰਾਜਿੰਦਰ ਸਿੰਘ ਗੁਰੂਸਰ :** ਆਪ ਜੀ ਨੇ ਸ਼ਤਾਬਦੀ ਸਮੇਂ ਪ੍ਰੈਸ ਦੀ ਲੋੜ ਤੇ ਜ਼ੋਰ ਦਿਤਾ ਇਹਨਾਂ ਦਾ ਭਾਵ ਪੂਰਤ ਪੂਰਾ ਭਾਸ਼ਨ ਵਖਰਾ ਛਾਪ ਰਹੇ ਹਾ :



**ਮਾਸਟਰ ਨਿਹਾਲ ਸਿੰਘ ਜੀ** ਪ੍ਰਧਾਨ ਸਰਬ ਹਿੰਦ ਨਾਮਧਾਰੀ ਦਰਬਾਰ : ਨਾਮਧਾਰੀ ਜਦੋਂ ਅਰਦਾਸ ਕਰਦੇ ਹਨ ਤਾਂ ਇਹ ਸ਼ਬਦ ਜਰੂਰ ਕਹਿੰਦੇ ਹਨ "ਧਨ ਧਨ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ ਸੁੱਚ ਸੋਧ ਨਾਮ ਬਾਣੀ ਦਾ ਪਰਵਾਹ ਦੀਆ ਚਲਾਏ"।

ਸ਼ਤਾਬਦੀ ਇਹਨਾਂ ਗੁਣਾਂ ਦੁਆਲੇ ਹੋਣੀ ਚਾਹੀਦੀ ਹੈ।

ਹੁਣੇ ਹੁਣੇ ਸ: ਬੇਅੰਤ ਸਿੰਘ ਜੀ ਬੋਲ ਕੇ ਗਏ ਨੇ— ਮੈਂ ਅਰਜ਼ ਕਰਾਂਗਾ ਕਿ ਜੰਗੇ ਆਜ਼ਾਦੀ ਵਿਚ ਜੋ ਯੋਗਦਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਇਆ ਹੈ ਉਸ ਦਾ ਜ਼ਿਕਰ ਕਿਤੇ ਦੀ ਬਾਕਾਇਦਾ ਤੌਰ ਤੇ ਨਹੀਂ ਆਇਆ। ਜਿਨ੍ਹਾਂ ਨਾਮਧਾਰੀਆਂ ਨੇ ਆਜ਼ਾਦੀ ਦੇ ਬਿਰਖ ਨੂੰ ਸਫਲ ਹੋਣ ਤਕ ਪਹੁੰਚਾਇਆ ਸੀ ਉਹਦੇ ਲਈ ਜ਼ਿਕਰ ਤਕ ਨਹੀਂ ਆਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਰ ਸੰਪ੍ਰਦਾਇ, ਹਰ ਮਜ਼ਹਬ ਨਾਲ ਪਿਆਰ ਸੀ। ਉਹਨਾਂ ਨੂੰ ਹਰ ਵਿਅਕਤੀ ਅਪਣਾ ਸਮਝਦਾ ਸੀ। ਕੁਝ ਸਮਾਂ ਆਇਆ ਭਾਰਤ ਦੀ ਧਰਤੀ ਤੇ ਬਹੁਤ ਜ਼ਹਿਰੀਲੀ ਫਿਰਕੂ ਹਵਾ ਚੱਲੀ। ਭਰਾ ਨੂੰ ਭਰਾ ਵੱਢਣ ਲੱਗ ਪਿਆ। ਪਰ ਕਿਸੇ ਨਾਮਧਾਰੀ ਨੇ ਸਤਿਗੁਰੂ ਜੀ ਦਾ ਆਸ਼ੀਰਵਾਦ ਪਾ ਕੇ ਕਿਸੇ ਤੇ ਹੱਥ ਨਹੀਂ ਉਠਾਇਆ ਸ੍ਰੀ ਅਬਦੁਲ ਗਨੀ ਐਮ.ਐਲ.ਏ. ਨੇ ਦਸਿਆ ਕਿ ਜੇ ਬੇਟ ਦੇ ਇਲਾਕੇ ਵਿਚ ਸ੍ਰੀ ਭੈਣੀ ਸਾਹਿਬ ਦੀ ਧਰਤੀ ਨਾ ਹੁੰਦੀ ਤਾਂ ਇਕ ਵੀ ਮੁਸਲਮਾਨ ਬਚ ਕੇ ਨਾ ਜਾਂਦਾ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚੋਂ ਮੁਸਲਮਾਨਾਂ ਦਾ ਕਾਫਲਾ ਜਾ ਰਿਹਾ ਸੀ। ਸਤਿਗੁਰੂ ਜੀ ਦਾ ਹੁਕਮ ਸੀ ਕਿ ਜਿਥੇ ਕਿਤੇ ਵੀ ਕੋਈ ਸਿੱਖ ਹੈ ਉਹ ਵੇਖੇ ਕਿ ਇਹ ਕਾਫਲਾ ਠੀਕ ਤਰ੍ਹਾਂ ਪਾਕਿਸਤਾਨ ਚਲਾ ਜਾਂਦਾ ਹੈ। ਸਤਿਗੁਰਾਂ ਦੀ ਸਭ ਤੋਂ ਵੱਡੀ ਰੀਝ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਸਾਡਾ ਦੇਸ਼ ਭਾਰਤੀ ਰਹੇ। ਸਾਡੀ ਤਹਿਜ਼ੀਬ ਸਾਡੀ ਸੰਸਕ੍ਰਿਤੀ ਭਾਰਤੀ ਰਹੇ।

ਚੀਸੱ ਸ਼ਰਧਾਂਜਲੀ ਦਾ ਇਹ ਹੀ ਤਰੀਕਾ ਹੈ ਕਿ ਸਤਿਗੁਰਾਂ ਦੇ ਉਪਦੇਸ਼ਾਂ ਦਾ ਪੁਸਤਕਾਂ, ਅਖਬਾਰਾਂ, ਰੇਡੀਓ, ਟੀ.ਵੀ. ਰਾਹੀਂ ਪਰਚਾਰ ਕੀਤਾ ਜਾਵੇ। ਬੁਲਾਰੇ ਤੇ ਸਰੋਤੇ ਉਹਨਾਂ ਦੇ ਬਚਨਾਂ ਤੇ ਚਲਣ ਦਾ ਜਤਨ ਕਰੀਏ।

**ਮਹਾਂ ਮੰਡਲੇਸ਼ਵਰ ਸਵਾਮੀ ਵਿਸ਼ਵਾਨੰਦ ਪੁਰੀ ਜੀ :** ਅਕਾਲ ਪੁਰਖ ਸਤਿਗੁਰੂ ਦੇ ਰੂਪ ਵਿਚ ਸ਼ਕਤੀ ਭੇਜਦਾ ਹੈ। ਜੋ ਸਮੇਂ ਵਿਚ ਵਿਗਾੜ ਆਏ ਨੂੰ ਠੀਕ ਕਰਦਾ ਹੈ। ਜਿਹੋ ਜਿਹਾ ਵਿਗਾੜ ਆਇਆਂ ਹੁੰਦਾ ਉਹੋ ਜਿਹੀ ਸ਼ਕਤੀ



ਉਤਪੰਨ ਹੁੰਦੀ ਹੈ। ਹਰਨਾਕਸ਼ ਮੁਕਾਬਲੇ ਨਰ ਸਿੰਘ, ਰਾਵਨ ਵਿਰੁਧ ਰਾਮ ਅਤੇ ਕੰਸ ਵੇਲੇ ਕ੍ਰਿਸ਼ਨ ਰੂਪ ਧਾਰਨ ਕਰਨਾ ਪੈਂਦਾ ਹੈ। ਕਲਜੁਗ ਵਿਚ ਗੁਰੂ ਨਾਨਕ ਸਾਹਿਬ ਨੇ ਸਿੱਧਾ ਪਧਰਾ ਰਸਤਾ ਦਿਖਾਇਆ। ਉਸੇ ਪਰੰਪਰਾ ਤੇ ਚਲਦਿਆਂ ਚਲਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਮਾਨਾ ਆਇਆ/ ਸ਼ਾਸਤਰ ਅਤੇ ਸ਼ਸਤਰ ਜ਼ਰੂਰੀ ਹੈ। ਜਦੋਂ ਕੇਵਲ ਇਕ ਤੇ ਟੇਕ ਹੋ ਗਈ ਤਾਂ ਵੀ ਵਿਗਾੜ ਪੈਂਦਾ ਹੋਇਆ। ਸਿੱਖ ਮਿਸਲਾਂ ਦਾ ਇਤਿਹਾਸ ਸਾਡੇ ਸਾਹਮਣੇ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਜ਼ਮਾਨਾ ਆਇਆ ਤਾਂ ਉਹਨਾਂ ਸੋਚਿਆ ਕਿ ਆਪਰੇਸ਼ਨ ਕਰਨ ਲਈ ਨਸ਼ਤਰ ਸ਼ੁਧ ਮਾਂਜਿਆ ਚਾਹੀਦਾ ਹੈ। ਉਹਨਾਂ ਵਕਤ ਦੇ ਤਕਾਜ਼ੇ ਅਨੁਸਾਰ ਦਸਿਆ ਕਿ ਸੰਯਮ ਸੋਧ ਤੋਂ ਬਗੈਰ, ਸ਼ਸਤਰ ਅਤੇ ਸ਼ਾਸਤਰ ਦੋਨੋਂ ਕੰਮ ਨਹੀਂ ਦੇਣਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲੋਕਾਂ ਨੂੰ ਰਸਤਾ ਦਿਖਾਉਣ ਲਈ ਆਪ ਕਠਨ ਸਾਧਨਾ ਕੀਤੀ ਅਤੇ ਲੋਕਾਂ ਨੂੰ ਪ੍ਰੇਰਿਆ। ਉਹ ਜ਼ਿੰਦਾ ਹਨ ਜਾਗ੍ਰਿਤ ਹਨ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਨਵੇਂ ਸਮੇਂ ਅਨੁਸਾਰ ਰਸਤਾ ਦੱਸ ਰਹੇ ਹਨ।

ਸਵਾਮੀ ਵਿਵੇਕਾਨੰਦ ਜੀ ਨੇ ੧੮੯੩ ਵਿਚ ਅਮਰੀਕਾ 'ਚ ਵਿਸ਼ਵ ਧਰਮ ਸੰਸਦ Word Religion Parliament ਸਥਾਪਤ ਕੀਤੀ ਸੀ। ਮੈਂ ਉਸ ਦਾ ਜਨਰਲ ਸਕੱਤਰ ਹਾਂ। ਉਹਨਾਂ ਦੀ ਸ਼ਤਾਬਦੀ ਅਸੀਂ ੧੯੯੩ ਵਿਚ ਸ਼ਿਕਾਗੋ ਵਿਚ ਮਨਾਵਾਂਗੇ। ਸਤਿਗੁਰੂ ਜੀ ਨੂੰ ਬੇਨਤੀ ਹੈ ਕਿ ਉਹ ਸਹਿਯੋਗ ਦੇਣ।

**ਗਿਆਨੀ ਮੋਤਾ ਸਿੰਘ, ਰਾਮਗੜ੍ਹੀਆ ਬੋਰਡ ਲੁਧਿਆਣਾ :** ਸਤਿਗੁਰੂ ਐਸਾ ਵੈਦ ਹੈ ਜੋ ਰੋਗੀਆਂ ਨੂੰ ਲਭ ਲਭ ਕੇ ਅਸਾਧ ਰੋਗ ਕਟਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨ ਬਨਣ ਵੇਲੇ ਥਾਂ ਥਾਂ ਜਾ ਕੇ ਸੰਗਤਾਂ ਨੂੰ ਸੁਚੇਤ ਕੀਤਾ ਸੀ ਕਿ ਰਾਵੀ ਤੋਂ ਪਾਰ ਹੋ ਜਾਵੋ। ਉਹਨਾਂ ਨੇ ਜ਼ਮੀਨ ਵੰਡੀ ਅੱਜ ਮੰਗਲ਼ ਬਣੇ ਹੋਏ ਹਨ।

ਰਾਮਗੜ੍ਹੀਆ ਬੋਰਡ ਲੁਧਿਆਣਾ ਵੀ ਸ਼ਤਾਬਦੀ ਜ਼ਰੂਰ ਮਨਾਏਗਾ।

**ਡਾ: ਗੁਰਨਾਮ ਸਿੰਘ ਤੀਰ :** ਡਾ: ਗੁਰਨਾਮ ਸਿੰਘ ਤੀਰ ਜੋ ਆਪਣੇ ਲੇਖਾਂ ਕਾਰਨ ਚਾਚਾ ਚੰਡੀਗੜ੍ਹੀਆ ਕਰਕੇ ਮਸ਼ਹੂਰ ਹਨ ਨੇ ਇਕ ਸ਼ਾਨਦਾਰ ਤਕਰੀਰ ਵਿਚ ਕਿਹਾ :

ਅੱਜ ਦਾ ਦਿਹਾੜਾ ਇਤਿਹਾਸਕ ਮਸੱਤਤਾ ਰਖਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਤਾਬਦੀ ਤਾਂ ਸਾਰੇ ਦੇਸ਼ ਨੂੰ ਮਨਾਉਣੀ ਚਾਹੀਦੀ ਹੈ। ਸ਼ੇਖ ਸਾਅਦੀ ਨੇ ਕਿਹਾ ਹੈ ਕਿ ਮੀਂਹ ਨਾ ਪਿਆ ਹੋਵੇ ਤਾਂ ਬੁਲਬੁਲ ਤਰਲੇ ਲੈਂਦੀ ਹੈ ਕਿ ਮੀਂਹ ਪਵੇ। ਜਦੋਂ ਮੀਂਹ ਪੈਂਦਾ ਹੈ ਤਾਂ ਡੱਡੂ ਗਾ ਗਾ ਕੇ ਦਸਦੇ ਹਨ ਕਿ ਮੀਂਹ ਅਸਾਂ ਪੁਆਇਆ ਹੈ। ਤੋਪਾਂ ਅਗੇ ਤੂੰਬਾ ਤੂੰਬਾ ਹੋਰ ਹੋਏ ਪੈਨਸ਼ਨਾਂ ਮੁਰਬੇ ਸਨਮਾਨ ਹੋਰ ਲੈ ਗਏ। ਆਜ਼ਾਦੀ ਦੇ ਸੰਗਰਾਮ ਵਿਚ ਸਿੱਖਾਂ ਦੀ ਕਹਾਣੀ ਬਹੁਤ ਅਹਿਮ ਹੈ। ਸਿੱਖਾਂ ਵਿਚੋਂ ਨਾਮਧਾਰੀਆਂ ਦੀ ਕਹਾਣੀ ਬਹੁਤ ਵੱਡੀ ਹੈ। ਇਹਨਾਂ ਦੀਆਂ ਕੁਰਬਾਨੀਆਂ ਦੀ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। ਮੈਂ ਮਾਲੇਰਕੋਟਲਾ ਐਡਵਾਇਜ਼ਰੀ ਕਮੇਟੀ ਦਾ ਮੈਂਬਰ ਹਾਂ ਮੈਂ ਉਥੇ ਕਿਹਾ ਸੀ ਕਿ ਨਾਮਧਾਰੀਆਂ ਦੀ ਯਾਦਗਾਰ ਐਸੀ ਬਨਣੀ ਚਾਹੀਦੀ ਹੈ ਜਿਸ ਨੂੰ ਵੇਖ ਕੇ ਕੁਰਬਾਨੀ ਦੇਣ ਦਾ ਜਜ਼ਬਾ ਪੈਦਾ ਹੋਵੇ। ਮੈਂ ਦੂਰਦਰਸ਼ਨ ਐਡਵਾਇਜ਼ਰੀ ਕਮੇਟੀ ਦਾ ਮੂਲ ਮੈਂਬਰ ਹਾਂ। ਦੂਰਦਰਸ਼ਨ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਡਾਕੂਮੈਂਟਰੀ ਬਣਾਵੇਗਾ। ਅਸੀਂ ਤਿੰਨ ਭਾਸ਼ਾਵਾਂ ਵਿਚ ਸੋਵੀਨਰ ਛਾਪ ਰਹੇ ਹਾਂ। ਬਹੁਤ ਕੰਮ ਹੋ ਰਿਹਾ ਹੈ। ਹੰਸਪਾਲ ਜੀ ਨੇ ਜ਼ੋਰ ਸ਼ੋਰ ਨਾਲ ਕੰਮ ਸ਼ੁਰੂ ਕਰ ਦਿਤਾ ਹੈ। ਸ਼ਤਾਬਦੀ ਬਾਰੇ ਕਹਿਆ ਦਸਵੰਧ ਇਤਿਹਾਸਕ ਦਸਵੰਧ ਹੈ। ਮੈਂ ਤਿੰਨ ਦਰਜਨ ਸਾਹਿਤਕਾਰਾਂ ਨੂੰ ਮਿਲਿਆ ਹਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਲਿਖਣਗੇ। ਮੈਂ ੪ ਸਾਲਾਂ ਦਾ ਸਾਂ ਜਦੋਂ ਭਗਤ ਸਿੰਘ ਨੂੰ



Sri Satguru Jagjit Singh Ji eLibrary NamdhariElibrary@gmail.com



ਫਾਂਸੀ ਹੋਈ। ਜਦੋਂ ਪੰਡਿਤ ਨਹਿਰੂ ਪਹਿਲੀ ਵੇਰ ਸ੍ਰੀ ਭੈਣੀ ਸਾਹਿਬ ਆਏ ਤਾਂ ਮੈਂ ਵੀ ਆਇਆ ਸਾਂ। ਪੰਡਿਤ ਨਹਿਰੂ ਨੇ ਕਿਹਾ ਸੀ। ਭਾਰਤ ਦੀ ਆਜ਼ਾਦੀ ਦਾ ਮਾਰਗ ਸਤਿਗੁਰੂ ਰਾਮ ਸਿੰਘ ਜੀ ਨੇ ਦਿਖਾਇਆ ਸੀ। ਅੱਜ ਸਤਿਗੁਰੂ ਪ੍ਰਤਾਪ ਸਿੰਘ ਸਾਡੀ ਬਾਂਹ ਫੜ ਕੇ ਚਲਣ। ਲਾਹੌਰ ੧੯੨੯ ਦੇ ਕਾਂਗਰਸ ਸੈਸ਼ਨ ਵਿਚ ਅੰਗਰੇਜ਼ਾਂ ਤੋਂ ਡਰਦਾ ਕੋਈ ਵੜਦਾ ਨਹੀਂ ਸੀ। ਸਤਿਗੁਰਾਂ ਘੋੜ ਸਵਾਰ ਦਿਤੇ ਸ਼ਮੂਲੀਅਤ ਕੀਤੀ...। ਅੰਗਰੇਜ਼ ਜੇ ਕਿਸੇ ਗੱਲ ਤੋਂ ਡਰਦਾ ਸੀ ਤਾਂ ਉਹ ਆਪਣੇ ਮਾਲ ਦੇ ਬਾਈਕਾਟ ਤੋਂ ਡਰਦਾ ਸੀ ਕਿਉਂਕਿ ਉਹ ਵਪਾਰੀ ਪੁੱਤਰ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਕਾਂਗਰਸ ਤੋਂ ੬੦ ਸਾਲ ਪਹਿਲਾਂ ਬਾਈਕਾਟ ਦਾ ਪ੍ਰੋਗਰਾਮ ਦਿਤਾ ਸੀ।

ਜੇ ਗੁਰੂ ਗੋਬਿੰਦ ਸਿੰਘ ਦੇ ਸੁਪਨੇ ਦਾ ਸਿੱਖ ਹੈ ਤਾਂ ਨਾਮਧਾਰੀ ਨਜ਼ਰ ਆਉਂਦਾ ਹੈ। ਦੁਨੀਆ ਭਰ ਵਿਚ ਇਕ ਵੀ ਨਾਮਧਾਰੀ ਮੰਗਤਾ ਨਹੀਂ ਹੈ। ਇਹ ਸਾਰੀ ਗੱਲ ਇਸ ਪਵਿਤਰ ਧਰਤੀ ਤੋਂ ਮਿਲੀ ਹੈ। ਇਨਕਲਾਬ ਦਾ ਇਤਿਹਾਸ, ਸੈਕੂਲਰਿਜ਼ਮ, ਅਧਿਆਤਮਵਾਦ, ਸਮਾਜ ਸਿਖਿਆ ਦਾ ਸਬਕ ਇਥੋਂ ਹੀ ਮਿਲਦਾ ਹੈ। ਮੈਂ ਚਾਲੀ ਮੁਲਕਾਂ ਵਿਚ ਘੁਮਿਆ ਹਾਂ ਤੇ ਜਦੋਂ ਦੱਸਦਾ ਹਾਂ ਕਿ ਸਵਾ ਰੁਪਏ ਵਿਚ ਵਿਆਹ ਹੋ ਜਾਂਦੇ ਹਨ ਅਤੇ ਤਲਾਕ ਕੋਈ ਨਹੀਂ ਹੁੰਦਾ ਤਾਂ ਲੋਕ ਹੈਰਾਨ ਹੋ ਜਾਂਦੇ ਹਨ। ਮੈਂ ਦੱਸਦਾ ਹਾਂ ਕਿ ਉਹ ਐਸੇ ਤੰਦ ਮਿਲਾਉਂਦੇ ਹਨ ਕਿ ਜਨਮ ਮਰਨ ਦੇ ਰਿਸ਼ਤੇ ਪੱਕੇ ਹੋ ਜਾਂਦੇ ਹਨ। ਅੰਗਰੇਜ਼ੀ ਸ਼ਾਇਰ ਕੀਟਸ ਨੂੰ ਇਕ ਲਾਈਨ ਤੇ ਨੋਬਲ ਇਨਾਮ ਮਿਲਿਆ ਸੀ। ਉਸ ਕਿਹਾ ਸੀ, "ਹੇ ਰੱਬਾ ਅੱਜ ਇਹ ਧਰਤੀ ਸੜ ਰਹੀ ਹੈ ਇਸ ਜਗਤ ਜਲੰਦੇ ਨੂੰ ਠੰਢਾ ਕਰਨ ਲਈ ਇਕ ਕਿਣਕਾ ਪਾਣੀ ਦਾ ਪਾ" ਅੱਜ ਵੀ ਪੰਜਾਬ ਤੋਂ ਜਗਤ ਜਲੰਦੇ ਦੀਆਂ ਖਬਰਾਂ ਬਾਹਰ ਜਾ ਰਹੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੈਂ ਪੰਜਾਬ ਤ੍ਰਾਸਦੀ ਬਾਰੇ ਕਿਹਾ ਤਾਂ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਇਹ ਹੀ ਅਰਦਾਸ ਕਰਦੇ ਹਾਂ ਕਿ ਜਗਤ ਜਲੰਦਾ ਰਖ ਲੈ।

ਇਕ ਗੱਲ ਮੈਂ ਨਿਜੀ ਕਰਦਾ ਹਾਂ। ਤਿੰਨ ਸਾਲ ਹੋਏ ਮੇਰੀ ਕਿਡਨੀ (ਗੁਰਦਾ) ਖਰਾਬ ਹੋ ਗਈ। ਡਾਕਟਰ ਕਹਿਣ ਬਾਹਰ ਜਾ ਜਾਂ ਬੰਬਈ। ਉਹਨਾਂ ਨੇ ਮੇਰੀ ਸੱਧਰ ਦੇ ਉਲਟ ਸਤਿਗੁਰਾਂ ਕੋਲ ਆਉਣ ਤੋਂ ਵੀ ਮਨ੍ਹਾ ਕਰ ਦਿਤਾ। ਪਰ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਆਪ ਦਰਸ਼ਨ ਦੇਣ ਵਾਸਤੇ ਚੰਡੀਗੜ੍ਹ ਆ ਗਏ ਇਹਨਾਂ ਦੀ ਆਸ਼ੀਰਵਾਦ ਅਤੇ ਦੁਆ ਨਾਲ ਮੈਨੂੰ ਦੁਬਾਰਾ ਸਿਹਤ ਮਿਲੀ ਹੈ।

**ਪੰਡਿਤ ਜਸਪਾਲ ਜੀ ਪਟਵਾਰੀ** ਸ੍ਰੀ ਭੈਣੀ ਸਾਹਿਬ : ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਘਟਨਾ ਦਸਾਂਗਾ ਜੋ ਮੇਰੇ ਪਿਤਾ ਜੀ ਨੇ ਮੈਨੂੰ ਦੱਸੀ। ਸ੍ਰੀ ਭੈਣੀ ਸਾਹਿਬ ਦੇ ਸ: ਗੁਰਬਖਸ਼ ਸਿੰਘ ਦਾ ਇਕੋ ਇਕ ਲੜਕਾ ਸੀ ਜੋ ਬੀਮਾਰ ਰਹਿੰਦਾ ਸੀ। ਉਹ ਬਾਵਜੂਦ ਸੰਗਤਾਂ ਦੀਆਂ ਅਰਦਾਸਾਂ ਦੇ ਰੱਬ ਨੂੰ ਪਿਆਰਾ ਹੋ ਗਿਆ। ਗੁਰਬਖਸ਼ ਸਿੰਘ ਨੇ ਸਤਿਗੁਰੂ ਜੀ ਨੂੰ ਕਿਹਾ ਸੱਚੇ ਪਾਤਸ਼ਾਹ ਸੰਗਤਾਂ ਅਰਦਾਸਾਂ ਕੀਤੀਆਂ ਹਨ ਪਰ ਤੁਸਾਂ ਕਿਰਪਾ ਨਹੀਂ ਕੀਤੀ। ਇਸ ਘਰ ਦਾ ਦਰਵਾਜ਼ਾ ਬੰਦ ਨਹੀਂ ਹੋਣਾ ਚਾਹੀਦਾ। ਅਗਲੇ ਦਿਨ ਆਸਾ ਦੀ ਵਾਰ ਦੇ ਭੋਗ ਬਾਦ ਸਤਿਗੁਰਾਂ ਸੇਵਕ ਨੂੰ ਕਿਹਾ ਕਿ ਸੰਤਰੇ ਲਿਆ। ਗੁਰਬਖ਼ਸ਼ ਸਿਘ ਦੇ ਪੱਲੇ ਦੋ ਸੰਤਰੇ ਪਾ ਦਿਤੇ। ਸ: ਗੁਰਬਖ਼ਸ਼ ਸਿੰਘ ਦੇ ਦੋ ਲੜਕੇ ਹੋਏ ਜੋ ਅਜੇ ਵੀ ਜ਼ਿੰਦਾ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਤਾਬਦੀ ਤਨੋ ਮਨੋ ਧਨੋ ਮਨਾਉਣੀ ਚਾਹੀਦੀ ਹੈ।

**ਪ੍ਰੋ: ਕ੍ਰਿਪਾਲ ਸਿੰਘ ਕਸੇਲ :** ਪੰਜਾਬੀ ਸਾਹਿਤ ਜਗਤ ਦੇ ਮਸ਼ਹੂਰ ਵਿਦਵਾਨ ਪ੍ਰੋ: ਕ੍ਰਿਪਾਲ ਸਿੰਘ ਕਸੇਲ ਜੀ ਨੇ ਆਪਣਾ ਵਿਆਖਿਆਨ ਇਕ ਕਵਿਤਾ ਨਾਲ ਸ਼ੁਰੂ ਕੀਤਾ।

"ਮੇਰੇ ਸਤਿਗੁਰੂ ਕਾ ਵੱਡ ਪਰਤਾਪ ਹੈ ਭਾਈ
ਹਰੀ ਨਾਮ ਜਪਾਵੇ ਰਾਮ
ਹਉਂ ਸਤਿਗੁਰ ਕਾ ਬਾਲਕਾ
ਜਗਜੀਤ ਸਦਾਵੇ ਰਾਮ
ਬਾਲਕ ਰਹਿਓ ਗੁਪਤ ਹੈ
ਰਾਮ ਸਿੰਘ ਪਰਗਟ ਹੋਇ ਆਇਓ
ਹਰੀ ਸਿੰਘ ਵਿਚ ਜੋਤ ਧਰ
ਵੱਡ ਪ੍ਰਤਾਪੀ ਰੂਪ ਬਣਾਇਓ
ਵਾਹੁ ਵਾਹੁ ਗੁਰ ਜਗਜੀਤ ਹੈ
ਭੈਣੀ ਸਾਹਿਬ ਜੋਤ ਜਗਾਇਓ
ਸੀਤਲ ਦਾਤਾ ਮਿਹਰਬਾਨ
ਚਰਨ ਪਰਸ ਅਮ੍ਰਿਤ ਫਲ ਪਾਇਓ"



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਨ ਸਰੋਵਰ ਹਨ। ਪਰਬਤ ਜਿੱਡੀ ਵੱਡੀ ਸ਼ਖਸੀਅਤ ਹਨ। ਉਹਨਾਂ ਦੇ ਇਕ ਇੱਕ ਕਿਣਕੇ ਦਾ ਔਰ ਇਕ ਇਕ ਬੂੰਦ ਦਾ ਵਰਨਣ ਕਰਨਾ ਉਹਨਾਂ ਦੀ ਮਹਿਮਾ ਦਾ ਇਕ ਅਪਾਰ ਅਤੇ ਬੇਅੰਤ ਪੱਖ ਹੈ। ਉਹਨਾਂ ਦੇ ਬਹੁਤ ਸਾਰੇ ਪੱਖਾਂ ਬਾਰੇ ਇਥੇ ਜ਼ਿਕਰ ਹੋ ਚੁੱਕਾ ਹੈ। ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਦੇਣ ਬਾਰੇ ਵੀ/ਮੈਂ ਇਕ ਹੋਰ ਪੱਖ ਤੇ ਗੱਲ ਕਰਾਂਗਾ। ਭਾਰਤੀ ਸੁਤੰਤਰਤਾ ਲਹਿਰ ਵਿਚ ਜਿੰਨਾਂ ਹਿੱਸਾ ਕਾਂਗਰਸ ਨੇ ਪਾਇਐ ਉਸ ਤੋਂ ਪਹਿਲਾਂ ਗਦਰ ਪਾਰਟੀ ਨੇ ਵੀ ਪਾਇਐ। ਇਸ ਪਾਰਟੀ ਦੇ ਬਾਨੀ ਪਰਧਾਨ ਬਾਬਾ ਸੋਹਨ ਸਿੰਘ ਭਕਨਾ ਸਨ ਉਹਨਾਂ ਨਾਲ ਮੇਰੇ ਨਿਜੀ ਸੰਪਰਕ ਵੀ ਸੀ। ਉਹ ਕਹਿੰਦੇ ਹੁੰਦੇ ਸਨ ਕਿ ਸਾਨੂੰ ਇਹ ਗਦਰ ਦੀ ਪ੍ਰੇਰਨਾ ਸਤਿਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਨਾਲ ਹੋਈ। ਜਿਹੜੇ ਬੂਟੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਜੇ ਜੋ ਸੰਸਥਾਵਾਂ ਬਣਾਈਆਂ ਹਨ ਉਹਨਾਂ ਦੀ ਰਹਿਨੁਮਾਈ ਸਤਿਗੁਰੂ (ਜਗਜੀਤ ਸਿੰਘ) ਜੀ ਕਰ ਰਹੇ ਹਨ। ਸਾਡੇ ਸਿਰ ਤੇ ਉਹਨਾਂ ਦਾ ਬੜਾ ਭਾਰਾ ਹੱਥ ਹੈ। ਜੋ ਪ੍ਰੋਗਰਾਮ ਬਣਾਏ ਹਨ ਉਹਨਾਂ ਨਾਲ ਮੈਂ ਇਹ ਵੀ ਕਹਾਂਗਾ ਕਿ ਜਿਨ੍ਹਾਂ ਸਰੀਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ ਹਨ। ਉਹਨਾਂ ਤੋਂ ਇਤਿਹਾਸ ਕਲਮਬੰਦ ਕਰਨ ਦੀ ਲੋੜ ਹੈ ਜੋ ਵਾਸਤਵਿਕ, ਯਥਾਰਥਕ ਪਰਮਾਣਕ ਇਤਿਹਾਸ ਹੋਵੇ।

ਦੂਜਾ ਪੱਖ ਹੈ, ਅਨੇਕ ਗਲਾਂ ਜੋ ਸਤਿਗੁਰੂ ਜੀ ਨੂੰ ਆਪ ਪਤਾ ਹਨ, ਮਹਾਰਾਜ ਬੀਰ ਸਿੰਘ, ਪੰਡਿਤ ਗੋਪਾਲ ਸਿੰਘ ਜਾਂ ਪ੍ਰੀਤਮ ਸਿੰਘ ਕਵੀ ਨੂੰ ਪਤਾ ਹਨ ਉਹ ਵੀ ਰਿਕਾਰਡ ਵਿਚ ਆ ਜਾਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਸਤਿਗੁਰੂ ਜੀ ਦੇ ਪਰਵਚਨਾਂ ਦਾ ਇਕ ਇਕ ਅੱਖਰ ਆਤਮਕ ਤੌਰ ਤੇ ਉਚਾ ਚੁਕਣ ਵਾਲਾ ਹੈ ਲਿਖਤੀ ਰੂਪ ਵਿਚ ਸੰਗਤਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਤੀਸਰੀ ਗਲ ਇਹ ਕਿ ਅਸੀਂ ਅਰਦਾਸ ਕਰੀਏ ਸਤਿਗੁਰੂ ਜੀ ਅਗੇ ਕਿ ਸਾਨੂੰ ਪ੍ਰੇਰਨਾ ਦਿਓ ਕਿ ਜੋ ਗੁਰੂ ਘਰ ਤੋਂ ਅਗਵਾਈ ਪ੍ਰਾਪਤ ਹੁੰਦੀ ਹੈ ਉਸਦਾ ਪਰਸਾਰ ਕਰੀਏ ਨਾਮ ਸਿਮਰਨ ਅਤੇ ਉਚੇ ਕਿਰਦਾਰ ਨਾਲ ਸ਼ਾਂਤੀ ਵਰਤਾਈਏ। ਜਗਤ ਜਲੰਦੇ ਨੂੰ ਰਖਣ ਦਾ ਇਹ ਤਰੀਕਾ ਹੈ।

ਮੈਂ ਵੀ ਇਕ ਨਿਜੀ ਗਲ ਕਰਕੇ ਸਮਾਪਤ ਕਰਦਾ ਹਾਂ ਜਦੋਂ ਦਾ ਸਤਿਗੁਰੂ ਜੀ ਨੇ ਮੇਰੇ ਸਿਰ ਤੇ ਹੱਥ ਰਖਿਆ ਹੈ, ਮੈਂ ਉਹ "ਪੁਸਤਕਾਂ ਲਿਖੀਆਂ ਹਨ ਜਿਹੜੀਆਂ ਮੈਂ ਨੇਤਰਵਾਨ ਹੋਣ ਸਮੇਂ ਵੀ ਨਹੀਂ ਸਨ ਲਿਖੀਆਂ। ਅਸੀਂ ਤਾਂ ਇਹਨਾਂ ਦੇ ਦਾਸ ਹਾਂ। ਗੁਰੂ ਘਰ ਦੇ ਕੂਕਰ ਹਾਂ ਜੋ ਸੇਵਾ ਬਖਸ਼ਣਗੇ ਉਸ ਲਈ ਹਾਜ਼ਰ ਹਾਂ। ਇਹਨਾਂ ਸ਼ਬਦਾਂ ਨਾਲ ਆਗਿਆ ਲੈਂਦਾ ਹਾਂ।

**ਪੰਡਿਤ ਗੋਪਾਲ ਸਿੰਘ** : ਪੰਡਿਤ ਜੀ ਨੇ ਆਪਣਾ ਵਿਖਿਆਨ ਇਕ ਕਾਵਿ ਰਚਨਾ ਨੂੰ ਗਾ ਕੇ ਆਰੰਭ ਕੀਤਾ :

ਫੜਾਂ ਜੱਗ ਤੇ ਮਾਰਦੀ ਬਹੁਤ ਦੁਨੀਆ
ਐਪਰ ਪ੍ਰੇਮ ਦੀ ਡੋਰ ਨੂੰ ਫੜੇ ਕੋਈ ਕੋਈ
ਹੁੰਦੇ ਸੁੰਦਿਆਂ ਰਾਜ ਤੇ ਭਾਗ ਦੋਵੇਂ
ਤੱਤੀ ਤੱਵੀ ਤੇ ਸਜਨਾ ਰੜੇ ਕੋਈ ਕੋਈ

ਸਾਡਾ ਮਿਸ਼ਨ ਸਤਿਜੁਗ ਤੋਂ ਲੈ ਕੇ ਸਾਰੇ ਅਵਤਾਰਾਂ ਨੂੰ ਮੰਨਣ ਦਾ ਹੈ। ਵਿਸ਼ੇਸ਼ ਕਰਕੇ ਅਸੀਂ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਕ ਗੁਰੂ ਸਾਹਿਬਾਨ ਦੇ ਅਰਦਾਸੇ ਵਿਚ ਨਾਮ ਲੈ ਕੇ ਮੰਨਦੇ ਹਾਂ। ਹਰ ਇਕ ਗੁਰੂ ਨੇ ਆਪਣੇ ਆਪਣੇ ਸਮੇਂ ਅਨੁਸਾਰ ਕੰਮ ਕੀਤੇ। ਚਾਹੇ ਉਹ ਸਾਰੇ ਕੰਮ ਕਰ ਸਕਦੇ ਸਨ ਪਰ ਸਮੇਂ ਅਨੁਸਾਰ ਪਹਿਲੀਆਂ ੪ ਪਾਤਸ਼ਾਹੀਆਂ ਨੇ ਨਾਮ ਸਿਮਰਨ ਕੀਤਾ ਪੰਜਵੀਂ ਪਾਤਸ਼ਾਹੀ ਨੇ ਸ਼ਹਾਦਤ ਪ੍ਰਾਪਤ ਕੀਤੀ। ਛੇਵੀਂ ਤੇ ਦਸਵੀਂ ਨੇ ਜੰਗ ਕੀਤੇ। ਗੁਰੂ ਸਾਹਿਬਾਂ ਨੇ ਵਰ ਦੇ ਕੇ ਬਾਦਸ਼ਾਹ ਬਣਾ ਦਿਤੇ, ਵਰ ਦੇ ਕੇ ਪੁੱਤਰ ਬਖਸ਼ੇ, ਵਰ ਦੇ ਕੇ ਬ੍ਰਹਮ ਗਿਆਨੀ ਬਣਾ ਦਿਤੇ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੁਝ ਉਹ ਕੰਮ ਕੀਤੇ ਜੋ ਗੁਰੂ ਨਾਨਕ ਤੋਂ ਲੈਕੇ ਗੁਰੂ ਹਰੀ ਸਿੰਘ ਜੀ ਤਕ ਅਜੇ ਨਹੀਂ ਹੋਏ ਸਨ।

ਬਾਗੜ ਦੇ ਇਲਾਕੇ ਵਿਚ ਕਾਲ ਪੈ ਗਿਆ। ਛਪਿੰਜਾ (ਸੰਮਤ ੧੯੫੬ ਬਿਕਰਮੀ ਸੰ:) ਦਾ ਕਾਲ ਬਹੁਤ ਮਸ਼ਹੂਰ ਸੀ। ਹਜ਼ਾਰਾਂ ਲੋਕ ਸ੍ਰੀ ਭੈਣੀ ਸਾਹਿਬ ਆ ਕੇ ਪਰਸ਼ਾਦੇ ਛੱਕਦੇ


Sri Satguru Jagjit Singh Ji eLibrary NamdhariElibrary@gmail.com





ਰਹੇ । ਗੁਰੂ ਹਰੀ ਸਿੰਘ ਜੀ ਦੇ ਵਰ ਨਾਲ ਠੇਕੀ ਵਿਚੋਂ ਦਾਣੇ ਨਾ ਮੁੱਕੇ । ਸਮਾਂ ਗੁਜ਼ਰ ਗਿਆ । ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵੇਲਾ ਆਇਆ । ਉਹਨਾਂ ਸੋਚਿਆ ਕਿ ਕਾਲ ਨੇ ਮੇਰੇ ਗੁਰੂ ਪਿਤਾ ਤੇ ਹਮਲਾ ਕੀਤਾ ਸੀ ਇਹ ਜਿਥੋਂ ਉਠਦਾ ਹੈ ਉਥੇ ਹੀ ਇਸ ਨੂੰ ਖਤਮ ਕੀਤਾ ਜਾਵੇ । ਜਿਵੇਂ ਪੱਛਮ ਵਲੋਂ ਹਮਲਾਵਰ ਆਉਂਦੇ ਸਨ ਪਰ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲਵਾ ਉਹਨਾਂ ਦੀ ਹੀ ਜੂਹ ਤਕ ਧਕ ਕੇ ਲੈ ਗਏ ਸਨ ਅਤੇ ਲੜਾਈ ਹਮਲਾਵਰਾਂ ਦੀ ਧਰਤ ਤੇ ਹੁੰਦੀ ਸੀ ਇਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਾਲ ਦੇ ਹਮਲਾ ਕਰਨ ਵਾਲੀ ਥਾਂ ਜੀਵਨ ਨਗਰ ਵਿਚ ਜਾ ਕੇ ਲੰਗਰ ਚਾਲੂ ਕਰ ਦਿਤਾ ਜੋ ਅਜੇ ਤਕ ਚਲਦਾ ਹੈ । ਉਸ ਬਾਦ ਕਦੇ ਕਾਲ ਦੀ ਜੁਰਤ ਨਹੀਂ ਪਈ ਏਧਰ ਆਉਣ ਦੀ । ਦੂਜੀ ਗੱਲ ਜੋ ਉਹਨਾਂ ਕੀਤੀ ਉਹ ਬੀੜ ਵਿਚ ੧੨੫੦ ਏਕੜ ਜ਼ਮੀਨ ਸਿੱਖਾਂ ਨੂੰ ਮੁਫਤ ਵੰਡੀ, ੫੦੦ ਏਕੜ ਤੋਂ ਜ਼ਿਆਦਾ ਜ਼ਮੀਨ ਜੀਵਨ ਨਗਰ ਵਿਚ ਬੇਜ਼ਮੀਨਿਆਂ ਨੂੰ ਵੰਡੀ । ਹੋਰ ਵੀ ਵੰਡੀ ਤੇ ਗਰੀਬ ਸਿੱਖ ਰਾਜੇ ਬਣਾ ਦਿਤੇ । ਹੋਰ ਕਿਸੇ ਪੜ੍ਹਿਆ ਹੋਵੇ ਤਾਂ ਹੋਵੇ ਮੈਂ ਅਜੇ ਤਕ ਕਿਤੇ ਨਹੀਂ ਪੜ੍ਹਿਆ ਕਿ ਕਿਸੇ ਗੁਰੂ ਨੇ ਜ਼ਮੀਨ ਸਿੱਖਾਂ ਨੂੰ ਦਿਤੀ ਹੋਵੇ । ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੀ ਬਖਸ਼ਿਸ਼ ਸੀ ।

**ਸ: ਹਰਵਿੰਦਰ ਸਿੰਘ ਹੰਸਪਾਲ ਮੈਂਬਰ ਪਾਰਲੀਮੈਂਟ, ਪ੍ਰਧਾਨ ਸ਼ਤਾਬਦੀ ਕਮੇਟੀ :** ਬਹੁਤ ਸਾਰੇ ਸਰੀਰ ਇਥੇ ਹੋਣਗੇ ਜਿਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਹੋਣਗੇ । ਨੌਜਵਾਨਾਂ ਨੇ ਨਹੀਂ ਸੀ ਕੀਤੇ । ਮੇਰੇ ਵਰਗੇ ਵੀ ਹਨ ਜਿਨ੍ਹਾਂ ਨੇ ਵੀਹ ਇੱਕੀ ਸਾਲ ਤਕ ਦਰਸ਼ਨ ਕੀਤੇ ਹਨ ਪਰ ਉਹਨਾਂ ਨੂੰ ਵੀ ਉਹਨਾਂ ਗੱਲਾਂ ਦਾ ਪਤਾ ਨਹੀਂ ਜਿਹੜੀਆਂ ਇਥੇ ਦੱਸੀਆਂ ਗਈਆਂ ਹਨ ।

ਪ੍ਰਕਾਸ਼ ਸ਼ਤਾਬਦੀ ਨੇ ਫੈਸਲਾ ਕੀਤਾ ਹੈ ਕਿ ਸ਼ਹਿਰ ਸ਼ਹਿਰ, ਨਗਰ ਨਗਰ ਕਥਾ ਕੀਰਤਨ, ਨਾਮ ਸਿਮਰਨ ਹੋਣ, ਸੈਮੀਨਾਰ ਕਾਨਫਰੰਸਾਂ ਹੋਣ ਸੰਗੀਤ, ਕੀਰਤਨ ਸੰਮੇਲਨ ਹੋਣ ਤੇ ਲਿਖਤੀ ਪਰਚਾਰ ਹੋਵੇ ।

ਭਾਰਤ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੰਜਾਬੀ ਵਿਚ ਡਾਕੂਮੈਂਟਰੀ ਫਿਲਮ ਜਲੰਧਰ ਦੂਰਦਰਸ਼ਨ ਬਣਾਏਗਾ ਅਤੇ ਸਤਿਗੁਰੂ ਰਾਮ ਸਿੰਘ ਜੀ ਤੇ ਹਿੰਦੀ ਵਿਚ ਦਿੱਲੀ ਦੂਰਦਰਸ਼ਨ ਬਣਾਏਗਾ । ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਪੰਜਾਬ ਪੱਧਰ ਉਤੇ ਮਨਾਉਣ ਦਾ ਐਲਾਨ ਕੀਤਾ ਹੈ । ਸਰਕਾਰ ਨੂੰ ਜਿੰਨਾ ਮਸਾਲਾ ਦੇ ਦਈਏ ਯੋਗਦਾਨ ਮਿਲੇਗਾ । ਜਲੰਧਰ ਦੂਰਦਰਸ਼ਨ ਨੇ ਮੇਰੀ ਪਰਸੋਂ ਵਾਲੀ ਪ੍ਰੈਸ ਕਾਨਫਰੰਸ ਨੂੰ ਪ੍ਰਦੇਸ਼ਕ ਖਬਰਾਂ ਵਿਚ ਬੜਾ ਥਾਂ ਦਿਤਾ ਹੈ ।

ਸ਼ਤਾਬਦੀ ਕਮੇਟੀ ਸੁਚਾਰੂ ਰੂਪ ਵਿਚ ਕੰਮ ਕਰ ਰਹੀ ਹੈ । ਕੀਨੀਆ, ਤਨਜ਼ਾਨੀਆ, ਥਾਈਲੈਂਡ ਦੇ ਪ੍ਰਧਾਨਾਂ ਨੇ ਕਿਹਾ ਹੈ ਕਿ ਅਪਣੇ ਅਪਣੇ ਦੇਸ਼ਾਂ ਵਿਚ ਉਹ ਸ਼ਤਾਬਦੀ ਮਨਾਉਣਗੇ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਜਾਬੀ ਕਾਨਫਰੰਸਾਂ, ਹਿੰਦੂ-ਸਿੱਖ ਮਿਲਾਪ ਕਾਨਫਰੰਸਾਂ, ਸਰਬ ਸੰਪ੍ਰਦਾਇ ਗੁਰੂ ਨਾਨਕ ਕਾਨਫਰੰਸਾਂ ਕੀਤੀਆਂ । ਸਿੰਘ ਸਭਾ ਰੰਗੂਨ ਵਿਚ ਝਾਲੇ ਲਗੇ ਉਹਨਾਂ ਨੂੰ ਦੁਖ ਹੋਇਆ । ਸਤਿਗੁਰੂ ਜੀ ਨੂੰ ਅਗੋਂ ਹੋਣ ਵਾਲੀਆਂ ਸਾਰੀਆਂ ਗੱਲਾਂ ਦਾ ਪਤਾ ਸੀ । ਇਹ ਸ਼ਤਾਬਦੀ ਮਨਾਉਣ ਦਾ ਤਾਂ ਹੀ ਲਾਭ ਹੈ ਜੇ ਚੰਗੀਆਂ ਗੱਲਾਂ ਸੁਖ ਸ਼ਾਂਤੀ, ਭਾਈਚਾਰਾ ਅਹਿੰਸਾ ਆਵੇ ਅਤੇ ਦੁਖ ਦਲਿਦਰ, ਬੁਰਿਆਈ, ਝੂਠ, ਈਰਖਾ, ਬਖੀਲੀ ਹਿੰਸਾ ਜਾਂਦੀ ਚੰਗੀ ਲਗੇ ।


Sri Satguru Jagjit Singh Ji eLibrary NamdhariElibrary@gmail.com

# ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ



ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਵਿਚ ਦੇਸੀ ਘਿਓ ਦੇ ਲੱਡੂ ਵਰਤਾ ਰਹੇ ਹਨ। ਉਹਨਾਂ ਨਾਲ ਸ: ਹ.ਸ. ਹੰਸਪਾਲ ਅਤੇ ਸ: ਅਵਤਾਰ ਸਿੰਘ, ਹੋਲੇ ਦੇ ਮੇਜ਼ਬਾਨ, (ਟੋਕਰਾ ਫੜੀ) ਵੀ ਖੜੇ ਹਨ।



ਵਰਿਆਮ ਦੇ ਸਹਿਯੋਗੀ (ਵਿਚਕਾਰ) ਸ: ਬਲਵਿੰਦਰ ਪਾਲ ਸਿੰਘ ਮੈਨੇਜਿੰਗ ਡਾਇਰੈਕਟਰ ਅੰਬਰ ਬਿਸਟਕੁਸ ਹੈਦਰਾਬਾਦ। ਖੱਬੇ ਸ: ਭੁਪਿਦਰ ਸਿੰਘ ਅਤੇ ਸੱਜੇ ਸ: ਸੰਤੋਖ ਸਿੰਘ ਨਾਮਧਾਰੀ ਏਜੰਸੀਜ਼ ਦਿੱਲੀ ਵਾਲੇ ਹੋਲੇ ਮਹੱਲੇ ਵਿਚ ਹਾਜ਼ਰੀ ਭਰਦਿਆਂ।



Sri Satguru Jagjit Singh Ji eLibrary NamdhariElibrary@gmail.com

# ਕਿਰਤਿ ਵਿਰਤਿ ਕਰਿ ਧਰਮ ਦੀ
# ਹਥਹੁ ਦੇ ਕੈ ਭਲਾ ਮਨਾਵੈ



ਨਾਮਧਾਰੀ ਸੰਗਤ ਯੂ.ਕੇ. ਦੇ ਪ੍ਰਧਾਨ ਸ: ਪ੍ਰੀਤਮ ਸਿੰਘ ਰੀਹਲ ਨੇ ਸ੍ਰੀ ਭੈਣੀ ਸਾਹਿਬ ਹੋਏ ਹੋਲੇ ਮਹੱਲੇ ਦੇ ਸਮਾਗਮ ਅਤੇ ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਦੇ ਆਰੰਭਕ ਸਮਾਰੋਹ ਵਿਚ ਐਲਾਨ ਕੀਤਾ ਕਿ ਉਹਨਾਂ ਨੂੰ ਅਤੇ ਸੰਤ ਜਗਤਾਰ ਸਿੰਘ ਵਿਰਦੀ ਨੂੰ ਅਗਲੇ ਸਾਲ ਆਉਣ ਵਾਲੇ ਸ਼ਤਾਬਦੀ ਹੋਲੇ ਮਹੱਲੇ ਦੀ ਸੇਵਾ ਕਰਨ ਦੀ ਮਨਜ਼ੂਰੀ ਸਤਿਗੁਰੂ ਜੀ ਨੇ ਦੇ ਦਿਤੀ ਹੈ। ਉਹਨਾਂ ਸਤਿਗੁਰੂ ਜੀ ਦਾ ਧਨਵਾਦ ਕਰਦਿਆਂ ਕਿਹਾ ਕਿ ਇਹ ਸਤਿਗੁਰੂ ਜੀ ਦੀ ਅਪਾਰ ਕਿਰਪਾ ਅਤੇ ਬਖਸ਼ਿਸ਼ ਹੈ ਜੋ ਉਹਨਾ ਨੇ ਸੇਵਾ ਕਰਨ ਦਾ ਅਵਸਰ ਸੇਵਕਾਂ ਨੂੰ ਬਖਸ਼ਿਆ ਹੈ। ਰੀਹਲ ਜੀ ਨੇ ਐਲਾਨ ਕੀਤਾ ਕਿ ਇਸ ਹੋਲੇ ਦੀ ਸਮਾਪਤੀ ਦੇ ਦਿਨ ਤੋਂ ਲੈ ਕੇ ਅਗਲੇ ਹੋਲੇ ਦੀ ਸਮਾਪਤੀ ਤਕ ਸਾਰੇ ਸਾਲ ਦੇ ਸ੍ਰੀ ਭੈਣੀ ਸਾਹਿਬ ਦੇ ਲੰਗਰ ਦਾ ਖਰਚ ਉਹ ਅਤੇ ਵਿਰਦੀ ਜੀ ਕਰਣਗੇ। ਇਸ ਤੋਂ ਇਲਾਵਾ ਇਕ ਸਾਲ ਵਾਸਤੇ ਇਕ ਜਿਪਸੀ ਮਾਰੂਤੀ ਗੱਡੀ ਸੇਵਾ ਵਾਸਤੇ ਸ੍ਰੀ ਭੈਣੀ ਸਾਹਿਬ ਰਹੇਗੀ। ਇਸ ਸਾਰੇ ਕਾਰਜ ਵਿਚ ਉਹਨਾਂ ਦੇ ਸਹਿਯੋਗੀ ਹੋਣਗੇ ਸਤਿਗੁਰੂ ਜੀ ਦੇ ਤਿੰਨ ਮੁਖੀ ਸਜਣ, ਸ: ਅਵਤਾਰ ਸਿੰਘ ਘੁੰਮਨ, ਸੰਤ ਮਨੋਹਰ ਸਿੰਘ ਜੀ ਅਤੇ ਸੰਤ ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ। ਉਪ੍ਰੋਕਤ ਤਸਵੀਰ ਵਿਚ ਖੜੇ ਹਨ (ਖੱਬੇ ਤੋਂ ਸੱਜੇ) ਸ: ਅਵਤਾਰ ਸਿੰਘ, ਸ: ਮਨੋਹਰ ਸਿੰਘ, ਸ: ਪ੍ਰੀਤਮ ਸਿੰਘ ਰੀਹਲ ਪ੍ਰਧਾਨ ਨਾਮਧਾਰੀ ਸੰਗਤ ਯੂ.ਕੇ., ਸ. ਜਗਤਾਰ ਸਿੰਘ ਵਿਰਦੀ ਯੂ.ਕੇ. ਅਤੇ ਸੰਤ ਗੁਰਦੇਵ ਸਿੰਘ ਨੰਬਰਦਾਰ।



Sri Satguru Jagjit Singh Ji eLibrary NamdhariElibrary@gmail.com

# ਸ਼ੁਭ ਅਨੰਦ ਕਾਰਜ



ਨਾਮਧਾਰੀ ਪੰਥ ਦੇ ਪ੍ਰਸਿੱਧ ਜਥੇਦਾਰ ਸੰਤ ਗਿਆਨ ਸਿੰਘ ਜੀ ਵੀਰੋਕੇ ਵਾਲਿਆਂ ਦੀ ਸਪੁਤਰੀ ਬੀਬੀ ਕਵਲਜੀਤ ਕੌਰ ਦਾ ਅਨੰਦ ਕਾਰਜ, ਜਤਵਿੰਦਰ ਸਿੰਘ (ਪੰਜਾਬ ਪੁਲੀਸ) ਸਪੁਤਰ ਸ: ਰਨਧੀਰ ਸਿੰਘ ਰੰਧਾਵਾ ਪਿੰਡ ਗੁਲਡੈਗ ਪਲਾਟ ਨਾਲ ੨੭ ਮਾਰਚ ੧੯੮੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।



ਡਾ: ਰਾਜਿੰਦਰ ਸਿੰਘ ਪ੍ਰੋਫੈਸਰ ਪੰਜਾਬ ਐਗਰੀਕਲਚਰ ਯੂਨੀਵਰਸਟੀ ਲੁਧਿਆਣਾ ਦੀ ਸਪੁਤਰੀ ਬੀਬੀ ਕਿਰਨਦੀਪ ਕੌਰ (ਪੋਤਰੀ ਬਾਬੂ ਬਚਨ ਸਿੰਘ ਰਿਟ: ਐਸ.ਡੀ.ਓ.) ਦਾ ਅਨੰਦ ਕਾਰਜ ਗੁਰਮੀਤ ਸਿੰਘ ਇੰਜਨੀਅਰ ਸਪੁਤਰ ਸ: ਮਹਿੰਦਰ ਸਿੰਘ ਮਠਾੜੂ (ਪੋਤਰਾ ਸ: ਅਰਜਨ ਸਿੰਘ ਭੈਣੀ ਸਾਹਿਬ) ਨਾਲ ੨੭-੩-੮੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।



Sri Satguru Jagjit Singh Ji eLibrary NamdhariElibrary@gmail.com

# ਸ਼ੁਭ ਅਨੰਦ ਕਾਰਜ



ਸੰਤ ਗੁਰਦੇਵ ਸਿੰਘ ਮਦਾਰ ਦੇ ਛੋਟੇ ਭਰਾ ਸ: ਜੋਗਾ ਸਿੰਘ ਮਦਾਰ (ਚੰਡੀਗੜ) ਸਪੁਤਰ ਸੰਤ ਬਖਸ਼ੀਸ਼ ਸਿੰਘ ਮਦਾਰ ਦਾ ਅਨੰਦ ਕਾਰਜ ਬੀਬੀ ਸੁਖਰਾਜ ਕੌਰ ਸਪੁਤਰੀ ਸ: ਬੂਟਾ ਸਿੰਘ ਪਿੰਡ ਵਡਾਲਾ ਜੋਹਲ ਨਾਲ ੨੭-੩-੯੮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ ।

# ਸੇਵਾ ਤੇ ਕੀਰਤਨ



ਜਲੰਧਰ ਨਾਮਧਾਰੀ ਸੰਗਤ ਵਲੋਂ ਹੋਲੇ ਅਤੇ ਵਸਾਖੀ ਦੇ ਮੇਲੇ ਤੇ ਸੇਵਾ ਦੇ ਨਾਲ ਨਾਲ ਦੀਵਾਨ ਕੀਰਤਨ ਕੀਤਾ ਗਿਆ। ਵਿਸਾਖੀ ਦੇ ਮੇਲੇ ਦਾ ਦ੍ਰਿਸ਼ । ਮਾਈਕ ਤੇ ਜਥੇਦਾਰ ਨੱਥਾ ਸਿੰਘ ਜੀ, ਨਾਲ ਬੈਠੇ ਜਥੇਦਾਰ ਹਜ਼ਾਰਾ ਸਿੰਘ, ਜ: ਅਵਤਾਰ ਸਿੰਘ, ਸੰਤ ਇੰਦਰ ਸਿੰਘ, ਪ੍ਰਧਾਨ ਦਰਸ਼ਨ ਸਿੰਘ ਆਦਿ ।



Sri Satguru Jagjit Singh Ji eLibrary NamdhariElibrary@gmail.com

# ਸ਼ਹਿਦ—ਇਕ ਜੀਵਨ-ਅੰਮ੍ਰਿਤ

—ਡਾ: ਜਸਵਿੰਦਰ ਕੌਰ ਸਾਘਾ

ਸ਼ਹਿਦ ਪ੍ਰਾਚੀਨ ਸਮੇਂ ਤੋਂ ਸਾਡੀ ਖੁਰਾਕ ਦਾ ਵਡਮੁੱਲਾ ਹਿੱਸਾ ਰਿਹਾ ਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਹਾਨ ਸਿਕੰਦਰ ਨੇ ਮਰਨ ਸਮੇਂ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਮਰਨ ਪਿੱਛੋਂ ਮੈਨੂੰ ਸ਼ਹਿਦ ਵਿਚ ਲਬੇੜ ਕੇ ਦਫਨਾਇਆ ਜਾਵੇ। ਮਿਸਰ ਦੇ ਇਕ ਪੁਰਾਣੇ ਮਕਬਰੇ 'ਚੋਂ ਤਿੰਨ ਹਜ਼ਾਰ ਸਾਲ ਪੁਰਾਣੇ ਸ਼ਹਿਦ ਦੇ ਭਰੇ ਹੋਏ ਜਾਰ ਮਿਲੇ ਹਨ। ਸਮੇਂ ਨੇ ਭਾਵੇਂ ਸ਼ਹਿਦ ਦੀ ਰੰਗਤ ਕਾਲੀ ਕਰ ਦਿਤੀ, ਪਰ ਉਸ ਆਪਣੀ ਸਵੱਛਤਾ ਨਹੀਂ ਗਵਾਈ, ਉਹ ਅਜੇ ਵੀ ਖਾਣ ਯੋਗ ਹੈ। ਸ਼ਹਿਦ ਜਦੋਂ ਤਾਜ਼ਾ ਹੁੰਦਾ ਹੈ ਤਾਂ ਸ਼ੀਸ਼ੇ ਵਾਂਗ ਉਸ ਵਿਚ ਮੂੰਹ ਵੇਖਿਆ ਜਾ ਸਕਦਾ ਹੈ। ਪੁਰਾਣਾ ਹੋਣ ਤੇ ਇਹ ਅਪਾਰ ਦਰਸ਼ਕ ਹੋ ਜਾਂਦਾ ਹੈ। ਇਹ ਗਾੜ੍ਹਾ, ਹਲਕਾ ਭੂਰੇ ਰੰਗ ਦਾ ਪਦਾਰਥ 'ਤਰਲ ਸੋਨਾ' ਹੈ, ਜਿਸ ਦੀ ਕੋਈ ਗੰਧ ਨਹੀਂ ਹੁੰਦੀ। ਇਸ ਦਾ ਸਵਾਦ ਮਿੱਠਾ ਅਤੇ ਤਿੱਖਾ ਹੁੰਦਾ ਹੈ। ਇਸ ਦੀ ਸਾਰਿਆਂ ਨਾਲੋਂ ਵੱਡੀ ਖੂਬੀ ਇਹ ਹੈ ਕਿ ਜੋ ਵੀ ਬੈਕਟੀਰੀਆ ਬਾਹਰੋਂ ਆ ਕੇ ਇਸ ਤੇ ਟਿਕਦਾ ਹੈ, ਉਹ ਕੁਝ ਚਿਰ ਵਿਚ ਹੀ ਤਬਾਹ ਹੋ ਜਾਂਦਾ ਹੈ।

ਇਕ ਚਮਚਾ ਸ਼ਹਿਦ ਬਣਾਉਣ ਲਈ ਇਕ ਮਧੂ ਮੱਖੀ ਨੂੰ ਫੁੱਲਾਂ ਤੇ ਤਕਰੀਬਨ ਦੋ ਹਜ਼ਾਰ ਵਾਰੀ ਜਾਣਾ ਪੈਂਦਾ ਹੈ। ਅਨੁਮਾਨ ਹੈ ਕਿ ਇਕ ਮਧੂ ਮੱਖੀ ਨੂੰ ਇਕ ਕਿਲੋ ਸ਼ਹਿਦ ਤਿਆਰ ਕਰਨ ਲਈ ਏਨਾ ਲੰਮਾ ਸਫਰ ਕਰਨਾ ਪੈਂਦਾ ਹੈ ਕਿ ਜਿੰਨਾ ਧਰਤੀ ਦੁਆਲੇ ਚਾਰ ਚੱਕਰ ਲਾਉਣ ਲਈ।

ਸ਼ਹਿਦ ਇਕ ਬਦਲਵੀਂ ਖੰਡ ਹੈ, ਇਸ ਵਿਚ ਡੈਕਸਟਰੋਜ਼ ਅਤੇ ਫਰਕਟੋਜ਼ ਨਾਂ ਦੇ ਪਦਾਰਥ ਹੁੰਦੇ ਹਨ। ਇਹਨਾਂ ਦਾ ਅਨੁਪਾਤ ਅੱਧੋ ਅੱਧ ਹੁੰਦਾ ਹੈ। ਦੋ ਸੌ ਗਰਾਮ ਸ਼ਹਿਦ ਵਿਚ ਡੇਢ ਕਿਲੋ ਪਨੀਰ ਅਤੇ ੩੩੦ ਗਰਾਮ ਮਾਸ ਦੇ ਬਰਾਬਰ ਖੁਰਾਕੀ ਤੱਤ ਹੁੰਦੇ ਹਨ। ਇਸ ਲਈ ਪਰੋਟੀਨ, ਕਾਰਬੋਹਾਈਡਰੇਟਜ਼, ਕੈਲਸ਼ੀਅਮ, ਫਾਸਫੋਰਸ, ਲੋਹਾ ਵੀ ਕਾਫੀ ਮਾਤਰਾ ਵਿਚ ਮੌਜੂਦ ਹੁੰਦੇ ਹਨ। ਸ਼ਹਿਦ ਨੂੰ ਜੇ ਪੂਰਨ ਖੁਰਾਕ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਤਾਕਤ ਦੇਣ ਵਾਲੀ ਖੁਰਾਕ ਵਿਚੋਂ ਖਜੂਰ ਪਿਛੋਂ ਸ਼ਹਿਦ ਦਾ ਨੰਬਰ ਆਉਂਦਾ ਹੈ। ਇਹ ਵਿਟਾਮਿਨਜ਼ ਦਾ ਵੀ ਚੰਗਾ ਸਰੋਤ ਹੈ।

ਸ਼ਹਿਦ ਹਲਕੀ, ਕਬਜ਼ਕੁਸ਼ਾ ਸ਼ਾਂਤੀ ਦੇਣ ਵਾਲੀ ਅਤੇ ਕੀਟਾਣੂ ਨਾਸ਼ਕ ਖੁਰਾਕ ਹੈ। ਲੋਹੇ ਦੀ ਮੌਜੂਦਗੀ ਹੋਣ ਕਰਕੇ, ਇਹ ਖੂਨ ਦੀ ਲਾਲੀ ਵਿਚ ਵਾਧਾ ਕਰਦਾ ਹੈ। ਸਰਦੀ, ਖਾਂਸੀ, ਬੁਖਾਰ ਤੋਂ ਬਚਾਉਂਦਾ ਹੈ। ਜੀਭ ਤੇ ਜ਼ਖਮ ਹੋਵੇ, ਗਲੇ ਵਿਚ ਜ਼ਖਮ ਹੋਵੇ, ਅੰਤੜੀਆਂ ਵਿਚ ਜ਼ਖਮ ਹੋਣ, ਸ਼ਹਿਦ ਲਾਉਣ ਨਾਲ ਅਰਾਮ ਆ ਜਾਂਦਾ ਹੈ। ਸਰੀਰਕ ਕਮਜ਼ੋਰੀ ਹੋਣ ਤੇ ਦਿਲ ਦੀ ਕਮਜ਼ੋਰੀ ਹੋਣ ਤੇ ਹਾਜ਼ਮੇ ਦੀ ਖਰਾਬੀ ਹੋਣ ਤੇ ਸ਼ਹਿਦ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਗਰਭਵਤੀ ਮਾਵਾਂ ਲਈ ਵੀ ਸ਼ਹਿਦ ਦੀ ਵਰਤੋਂ ਬੜੀ ਗੁਣਕਾਰੀ ਹੈ। ਜਨਮ ਸਮੇਂ ਵੀ ਬਹੁਤ ਵਾਰੀ ਬੱਚੇ ਨੂੰ ਸ਼ਹਿਦ ਦੀ ਗੁੜਤੀ ਦਿਤੀ ਜਾਂਦੀ ਹੈ। ਇਸ ਤਰ੍ਹਾਂ ਬੱਚੇ ਦੀ ਪਾਚਣ-ਪ੍ਰਣਾਲੀ ਸਾਫ਼ ਹੋ ਜਾਂਦੀ ਹੈ। ਜੇ ਬੱਚੇ ਨੂੰ ਹਰ ਰੋਜ਼ ਸ਼ਹਿਦ ਚਟਾਇਆ ਜਾਵੇ ਤਾਂ ਬੱਚਾ, ਖਾਂਸੀ ਜ਼ੁਕਾਮ ਦੇ ਹਮਲੇ ਤੋਂ ਬਚਿਆ ਰਹਿੰਦਾ ਹੈ। ਸ਼ਹਿਦ ਛੋਟੇ ਵੱਡੇ ਬੱਚਿਆਂ ਵਿਚ ਕੈਲਸ਼ੀਅਮ ਦੀ ਸੰਭਾਲ ਵਿਚ ਸਹਾਈ ਹੁੰਦਾ ਹੈ। ਬੱਚੇ ਦੇ ਦੰਦ ਅਤੇ ਹੱਡੀਆਂ ਮਜ਼ਬੂਤ ਬਣਾਉਂਦਾ ਹੈ। ਇਸ ਦੀ ਵਰਤੋਂ ਥਕਾਵਟ ਦੂਰ ਕਰਦੀ ਹੈ ਤੇ ਸਰੀਰ ਨੂੰ ਝੱਟ ਪਟ ਤਾਕਤ ਦਿੰਦੀ ਹੈ।

ਦਿਲ ਦੀ ਕਮਜ਼ੋਰੀ ਵਾਲਿਆਂ ਲਈ ਸ਼ਹਿਦ ਇਕ ਵਧੀਆ ਟਾਨਿਕ ਦੀ ਤਰ੍ਹਾਂ ਸ਼ਕਤੀ ਪ੍ਰਦਾਨ ਕਰਦਾ ਹੈ। ਇਕ ਜਰਮਨ ਡਾਕਟਰ ਦਾ ਕਹਿਣਾ ਹੈ ਕਿ ਜਿਵੇਂ ਘੋੜਾ ਦਾਣਾ ਖਾਣ ਪਿਛੋਂ ਨੌ ਬਰ ਨੌ ਹੋ ਜਾਂਦਾ ਹੈ, ਇਸੇ ਤਰ੍ਹਾਂ ਕਮਜ਼ੋਰ ਦਿਲ ਵਾਲਾ ਸ਼ਹਿਦ ਦੀ ਵਰਤੋਂ ਨਾਲ ਤਕੜਾ ਤੇ ਸਿਹਤਮੰਦ ਹੋ ਜਾਂਦਾ ਹੈ। ਸ਼ਹਿਦ ਦੀ ਵਰਤੋਂ ਪੇਟ ਵਿਚ ਸੜਨ ਪੈਦਾ ਨਹੀਂ ਹੋਣ ਦਿੰਦੀ, ਇਸ ਨਾਲ ਪੱਠੇ ਮਜ਼ਬੂਤ ਹੁੰਦੇ ਹਨ। ਪਾਚਨ ਸ਼ਕਤੀ ਤੇਜ਼ ਹੁੰਦੀ ਹੈ। ਕਿਰਮਨਾਸ਼ਕ ਹੋਣ ਕਰਕੇ, ਇਹ ਕਈ ਨਾਮੁਰਾਦ ਬੀਮਾਰੀਆਂ ਦੇ ਕਿਰਮ ਵੀ ਮਾਰ ਸੁੱਟਦਾ ਹੈ। ਚਿਹਰੇ ਦੀ ਨਿਖ਼ਾਰ, ਚਮੜੀ ਦੀ ਹਿਫਾਜ਼ਤ, ਚਿਹਰੇ ਦੀ ਲਾਲੀ ਵਧਾਉਣ ਲਈ, ਸ਼ਹਿਦ ਦੀ ਵਰਤੋਂ ਜਾਦੂ ਦਾ ਕੰਮ ਕਰਦੀ। ਮਾਖਿਓਂ ਮਿੱਠੀ ਗੱਲ ਇਹ ਕਿ ਗਵਾਚੀ ਹੋਈ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਹਰ ਰੋਜ਼ ਇਕ ਚਮਚ ਸ਼ਹਿਦ ਦੀ ਵਰਤੋਂ ਸਾਨੂੰ ਡਾਕਟਰ ਅਤੇ ਬੀਮਾਰੀਆਂ ਤੋਂ ਦੂਰ ਰੱਖਦੀ ਹੈ।

ਸ਼ਹਿਦ ਦੀ ਵਰਤੋਂ ਦੇ ਕੁਝ ਹੋਰ ਗੁਣ ਹੇਠ ਲਿਖੇ ਹਨ :

1. ਨਜ਼ਲਾ, ਜ਼ੁਕਾਮ, ਖਾਂਸੀ ਦੀ ਹਾਲਤ ਵਿਚ ਅਦਰਕ ਜਾਂ ਨਿੰਬੂ ਦਾ ਰਸ ਸ਼ਹਿਦ ਵਿਚ ਮਿਲਾ ਕੇ ਚੱਟਣਾ ਬੜਾ ਗੁਣਕਾਰੀ ਹੈ।

2. ਗਲਾ ਖਰਾਬ ਹੋਣ ਜਾਂ ਗਲੇ ਵਿਚ ਜ਼ਖਮ ਹੋਵੇ ਤਾਂ ਦੋ ਦੋ ਘੰਟੇ ਪਿਛੋਂ ਸ਼ਹਿਦ ਚੱਟਣਾ ਅਰਾਮ ਦਿੰਦਾ ਹੈ।

3. ਸ਼ਹਿਦ ਨੂੰ ਸੁਰਮਚੂ ਤੇ ਲਾ ਕੇ ਅੱਖਾਂ ਵਿਚ ਪਾਉਣ ਨਾਲ ਅੱਖਾਂ ਦੀ ਲਾਲੀ ਘਟ ਜਾਂਦੀ ਹੈ।

4. ਦਹੀਂ ਵਿਚ ਸ਼ਹਿਦ ਰਲਾ ਕੇ ਚੱਟਣ ਨਾਲ ਪੇਟ



Sri Satguru Jagjit Singh Ji eLibrary NamdhariElibrary@gmail.com

(ਉਭਰਦੀਆਂ ਕਲਮਾਂ ਦਾ ਕਾਲਮ)

**ਕਹਾਣੀ**

# ਨਿੱਤ ਦਾ ਸ਼ਰਾਬੀ

**ਸੁਰਜੀਤ ਸਿੰਘ 'ਫਲੋਰਾ—**

ਸੁੱਖਾ ਇਕ ਸ਼ਰਾਬੀ ਆਦਮੀ ਜੋ ਰੋਜ਼ਾਨਾ ਹੀ ਸਵੇਰ ਤੋਂ ਪੀਣੀ ਸ਼ੁਰੂ ਕਰ ਦਿੰਦਾ। ਪਰ ਉਹ ਆਪਣੇ ਘਰ ਪਖੋਂ ਭਾਵੇਂ ਕੋਈ ਖਾਸ ਅਮੀਰਜ਼ਾਦੇ ਵਾਂਗ ਨਹੀਂ ਸੀ, ਸਿਰਫ ਇਕ ਦੋ ਕਮਰੇ ਸਨ, ਜਿਨ੍ਹਾਂ ਵਿਚ ਉਹ ਆਪਣੀ ਪਤਨੀ ਇਕ ਮੁੰਡਾ ਤੇ ਤਿੰਨ ਲੜਕੀਆਂ ਨਾਲ ਰਹਿੰਦਾ ਸੀ। ਅਪਣੀ ਘਿਓ ਦੀ ਦੁਕਾਨ ਤੇ ਉਹ ਘਿਓ ਕਰੀਮ ਤੋਂ ਤਿਆਰ ਕਰਦਾ। ਉਸ ਕੋਲ ਬਹੁਤ ਸਾਰੇ ਆਦਮੀ ਕਰੀਮ ਵਾਲੇ ਕਰੀਮ ਵੇਚਣ ਆਉਂਦੇ। ਉਸ ਦੇ ਦੋ ਮੁਫਤ ਦੀ ਪੀਣ ਵਾਲੇ, ਕਰੀਮ ਵਾਲੇ ਮਿੱਤਰ, ਰੋਜ਼ਾਨਾ ਹੀ ਉਸ ਤੋਂ ਸਾਰਾ ਸਾਰਾ ਦਿਨ ਪੀਂਦੇ ਰਹਿੰਦੇ ਤੇ ਉਸ ਦੀ ਜੇਬ ਢਿੱਲੀ ਕਰਵਾਉਂਦੇ। ਅਖੀਰ ਉਹ ਤਾਂ ਸੱਤ-ਅੱਠ ਵਜੇ ਖਿਸਕ ਜਾਂਦੇ ਪਰ ਉਹ ਜਿੰਨੀ ਵੀ ਬਾਕੀ ਬਚੀ ਹੋਈ ਸ਼ਰਾਬ ਹੁੰਦੀ ਉਹ ਪੀ ਕੇ ਅੱਧੀ-ਅੱਧੀ ਰਾਤ ਨੂੰ ਘਰ ਪਹੁੰਚਦਾ। ਕਈ ਵਾਰ ਤਾਂ ਉਹ ਕਰੀਮ ਵਾਲੇ ਉਸ ਨੂੰ ਜ਼ਿਆਦਾ ਪਿਆ ਕੇ ਉਸ ਦੇ ਥੋੜੇ-ਥੋੜੇ ਰੁਪਏ ਵੀ ਕੱਢ ਲੈਂਦੇ। ਕਈ ਵਾਰ ਤਾਂ ਦੁਕਾਨ ਦਾ ਸ਼ਟਰ ਸੁਟਣ ਦੀ ਵੀ ਹੋਸ਼ ਨਾ ਰਹਿੰਦੀ, ਸ਼ਟਰ ਇਸੇ ਤਰ੍ਹਾਂ ਛੱਡ ਉਹ ਘਰ ਪਰਤ ਆਉਂਦਾ ਤੇ ਰਾਤ ਨੂੰ ਉਸ ਦੀ ਦੁਕਾਨ ਤੋਂ ਘਿਓ ਤੇ ਕੁਝ ਸਮਾਨ ਜ਼ਰੂਰੀ ਚੋਰੀ ਹੋ ਜਾਂਦਾ।

ਜਿਉਂ ਹੀ ਉਹ ਘਰ ਨੂੰ ਪਰਤਣ ਲੱਗਦਾ ਤਾਂ ਉਸ ਨੂੰ ਮਾੜੀ ਜਿਹੀ ਵੀ ਹੋਸ਼ ਨਾ ਰਹਿੰਦੀ। ਆਖਰ ਉਹ ਨਾਲੀਆਂ ਵਿਚ ਡਿਗਦਾ-ਢਹਿੰਦਾ ਕੰਧਾਂ ਵਿਚ ਲਗਦਾ ਹੋਇਆ, ਗਿਟੇ-ਗੋਡੇ ਤੇ ਹੱਥ ਮੂੰਹ ਛਿਲਾ ਲੈਂਦਾ। ਕਈ ਵਾਰ ਤਾਂ ਉਹ ਇੰਨੀ ਜ਼ੋਰ ਦੀ ਕੰਧ ਵਿਚ ਲਗਦਾ ਕਿ ਉਸਦੇ ਸਿਰ ਵਿਚ ਗਲੀ ਹੋ ਜਾਂਦੀ। ਉਸ ਦੇ ਮਗਰ, ਕੁਤੇ ਇਸੇ ਹਾਲਤ ਵਿਚ ਦੇਖ ਘਰ ਤਕ ਭੌਂਕਦੇ ਆਉਂਦੇ। ਕਈ ਵਾਰ ਤਾਂ ਉਸ ਨੂੰ ਦੰਦ ਵੀ ਮਾਰ ਦਿੰਦੇ, ਜ਼ਿਆਦਾ ਕਰਕੇ ਜਦੋਂ ਉਹ ਸ਼ਰਾਬ ਜ਼ਿਆਦਾ ਪੀਤੀ ਹੋਣ ਤੇ ਉਹ ਜਿਥੇ ਡਿਗ ਪੈਂਦਾ ਤੇ ਉਥੇ ਹੀ ਪਿਆ ਰਹਿੰਦਾ ਤੇ ਕੁਤੇ ਮੂੰਹ ਚੱਟਦੇ ਰਹਿੰਦੇ ਪਰ ਉਸ ਨੂੰ ਕੁਝ ਪਤਾ ਨਾ ਲਗਦਾ।

ਜਿਉਂ ਹੀ ਉਹ ਘਰ ਵੜਦਾ ਤਾਂ ਉਸ ਦੀ ਪਤਨੀ ਉਸ ਨੂੰ ਇਸ ਹਾਲਤ ਵਿਚ ਦੇਖ ਕੇ ਗਾਲ੍ਹਾਂ ਕਢਣ ਲਗ ਜਾਂਦੀ।

"ਆ ਗਿਆ ਡੱਫ ਕੇ।"

"ਹੋਰ ਡੱਫ ਲੈਣੀ ਸੀ।"

"ਅੰਨਾ ਹੋਇਆ ਫਿਰਦਾ।"

ਅਜੇ ਢਿਡ ਨਹੀਂ ਭਰਿਆ ਸੀ ਤੇਰਾ, ਬੈਠਾ ਰਹਿਣਾ ਸ਼ੀ ਉਥੇ ਹੀ, ਕੀ ਫਿਕਰ ਏ ਸਾਡਾ ਤੈਨੂੰ, ਸਾਡਾ ਲਹੂ-ਬਾਲਣ ਕੀਤਾ ਪਿਆ ਇਸ ਆਦਮੀ ਨੇ, ਖਬਰੇ ਕੀ ਤਕਿਆਂ ਤੈਨੂੰ। ਮੇਰਾ ਨਹੀਂ ਤਾਂ ਨਿਆਣਿਆਂ ਦਾ ਹੀ ਕੁਝ ਸੋਚ, ਦਿਨ ਪਰ ਦਿਨ ਦੁਕਾਨ ਬਾਰੇ ਨਹੀਂ ਸੋਚਦਾ। ਇਹਨੂੰ ਤਾਂ ਪੀਣ ਦੀ ਅੱਗ ਲੱਗੀ ਆ। ਦੁਕਾਨ ਬੰਦ ਕਰ ਤੇ ਬੈਠ ਜਾ ਠੇਕੇ ਤੇ ਜਾ ਕੇ।

ਜੇਕਰ ਉਹ ਮਹੀਨੇ ਵਿਚ ਦੋ ਚਾਰ ਦਿਨ ਪੀਂਦਾ ਤਾਂ ਉਸ ਦੀ ਪਤਨੀ ਦਿਲ ਹੀ ਦਿਲ ਵਿਚ ਬਹੁਤ ਖੁਸ਼ ਹੁੰਦੀ।

ਕਈ ਵਾਰ ਜ਼ਿਆਦਾ ਹੀ ਨਸ਼ੇ ਨਾਲ ਰੱਜ ਕੇ ਘਰ ਆ ਵੜਦਾ ਤੇ ਆਪਣਾ ਸੌਣ ਵਾਲਾ ਕਮਰਾ ਉਲਟੀਆਂ ਕਰ ਕਰ ਭਰ ਦਿੰਦਾ। ਇਹ ਦ੍ਰਿਸ਼ ਵੇਖ ਉਹਦੀ ਪਤਨੀ ਮਨ ਹੀ ਮਨ ਉਸ ਤੇ ਗਿਲਾ ਕਰਦੀ, ਜਦ ਸਵੇਰੇ ਉਸ ਨੂੰ ਹੋਸ਼ ਆਉਂਦੀ ਤਾਂ ਉਹਦੀ ਪਤਨੀ ਉਹਨੂੰ ਗੁਸੇ ਭਰੇ ਲਹਿਜੇ ਵਿਚ ਇਹੋ ਆਖਦੀ।

ਇਹ ਜਿਹੜੀ ਰਾਤ ਦੀ ਚਾਂਦੀ ਖਿਲਾਰੀ ਏ, ਇਹ ਨੂੰ ਵੀ ਚੱਟ ਲੈ ਜੀਭ ਨਾਲ। ਸ਼ਾਇਦ ਇਸ ਵਿਚ ਵੀ ਹੋਵੇ ਕੁਝ ਅਸਰ......ਅੱਗ ਲਗੀ ਰਹਿੰਦੀ ਆ ਡਫਣ ਦੀ...ਦਿਲ ਹੀ ਦਿਲ ਵਿਚ ਉਹ ਆਪਣੀ ਪਤਨੀ ਤੇ ਗੁਸਾ ਕਰਦਾ ਰਹਿ ਜਾਂਦਾ ਪਰ ਉਹ ਕੁਝ ਨਾ ਸਕਦਾ।

ਇਹਨਾਂ ਚੋਭਵੀਆਂ ਗੱਲਾਂ ਸੁਣ ਕੇ ਘਰ ਛਡਣ ਨੂੰ ਵੀ ਉਹਦਾ ਮਨ ਕਰਦਾ, ਪਰ ਇਸ ਤੋਂ ਪਹਿਲਾਂ ਹੀ ਆਪਣੇ ਬਚਿਆਂ ਦਾ ਮੋਹ ਉਸ ਅਗੇ ਆ ਖੜਦਾ, ਜਿਸ ਕਰਕੇ ਉਸ ਦਾ ਘਰੋਂ ਜਾਣ ਲਈ ਵੀ ਮਨ ਨਾ ਕਰਦਾ, ਇਸੇ ਕਰਕੇ ਉਹ ਆਪਣੀ ਪਤਨੀ ਦੀਆਂ ਸਾਰੀਆਂ ਗੱਲਾਂ ਸਹਿਣ ਕਰਦਾ।

ਮਨ ਹੀ ਮਨ ਵਿਚ ਆਪਣੀ ਪਤਨੀ ਨੂੰ ਕੋਸਦਾ ਤੇ ਬੁਰਾ-ਭਲਾ ਆਖਦਾ, ਇਕ ਦਿਨ ਉਸ ਨੇ ਇੰਨੀ ਜ਼ਿਆਦਾ ਸ਼ਰਾਬ ਪੀ ਲਈ ਕਿ ਜਿਸ ਦੇ ਨਾਲ ਉਸਦੀ ਮੌਤ ਹੋ ਗਈ।

---

ਦੇ ਕੀੜੇ ਮਰ ਜਾਂਦੇ ਹਨ।

5. ਟਾਈਫਾਈਡ ਬੁਖਾਰ ਦੇ ਰੋਗੀਆਂ ਨੂੰ ਸ਼ਹਿਦ ਚੱਟਣਾ ਬਿਮਾਰੀ ਤੋਂ ਛੁਟਕਾਰਾ ਦਿਵਾਉਂਦਾ ਹੈ।

6. ਸ਼ੱਕਰ ਰੋਗੀਆਂ ਨੂੰ ਸ਼ਹਿਦ ਦੀ ਵਰਤੋਂ ਨਾਲ ਕੋਈ ਨੁਕਸਾਨ ਨਹੀਂ ਪਹੁੰਚਦਾ।

7. ਸ਼ਹਿਦ ਦੀ ਵਰਤੋਂ ਬਲਗਮ ਕੱਢਣ ਵਿਚ ਬੜੀ ਸਹਾਈ ਹੁੰਦੀ ਹੈ।

8. ਖਿਡਾਰੀਆਂ ਦਾ ਸਾਹਸ ਵਧਾਉਣ ਲਈ ਸ਼ਹਿਦ ਦੀ ਵਰਤੋਂ ਬਹੁਤ ਉੱਤਮ ਹੈ।

9. ਇਕ ਚਮਚਾ ਸ਼ਹਿਦ ਦਾ ਕੋਸੇ ਪਾਣੀ ਪੀਣ ਨਾਲ ਕਬਜ਼ ਦੀ ਸ਼ਿਕਾਇਤ ਨਹੀਂ ਹੁੰਦੀ।

'ਚੰਗੀ ਖੇਤੀ'
ਵਿਚੋਂ ਧਨਵਾਦ ਸਹਿਤ



Sri Satguru Jagjit Singh Ji eLibrary NamdhariElibrary@gmail.com

# ਡਡਾ ਡੇਰਾ ਇਹੁ ਨਹੀਂ

ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਦੇ ਅਵਸਰ ਤੇ ਮੈਨੂੰ ਪੰਡਿਤ ਰਾਜਿੰਦਰ ਸਿੰਘ ਨੇ ਇਕ ਚਿੱਟ ਵਿਖਾਈ। ਇਹ ਚਿੱਟ ਉਹਨਾਂ ਨੇ ਲਿਖ ਕੇ ਸਤਿਗੁਰਾਂ ਨੂੰ ਦਿਤੀ ਸੀ ਦੀਵਾਨ ਵਿਚ। ਉਸੇ ਚਿੱਟ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਪਣੇ ਹਥਾਂ ਨਾਲ ਲਿਖੀ ਹੋਈ ਇਕ ਲਾਈਨ ਵੀ ਸੀ।

ਰਾਜਿੰਦਰ ਸਿੰਘ ਜੀ ਨੇ ਲਿਖਿਆ ਸੀ ਸੁਣਿਆ ਹੈ ਕਿ ਰਾਗੀ ਹਰਭਜਨ ਸਿੰਘ ਹੋਰਾਂ ਦਾ ਲੜਕਾ ਚੜ੍ਹਾਈ ਕਰ ਗਿਆ ਹੈ। ਅਜ ਦੇ ਜ਼ਮਾਨੇ ਵਿਚ ਭਾਈ ਭਿਖਾਰੀ ਵਾਲੀ ਸਾਖੀ ਰੂਪ ਮਾਣ ਹੋ ਗਈ ਹੈ। ਸਤਿਗੁਰੂ ਜੀ ਨੇ ਲਿਖਿਆ ਹੋਇਆ ਸੀ।

"ਡਡਾ ਡੇਰਾ ਇਹੁ ਨਹੀਂ ਜਹ ਡੇਰਾ ਤਹ ਜਾਣੁ"

ਇਹ ਬਾਣੀ ਦੀ ਤੁਕ ਹੈ ਜਿਸ ਦਾ ਸਿਧਾ ਜਿਹਾ ਮਤਲਬ ਤਾਂ ਇਹ ਹੀ ਹੈ ਕਿ ਇਨਸਾਨ ਦਾ ਅਸਲੀ ਡੇਰਾ ਇਹ ਦੁਨੀਆ ਨਹੀਂ ਹੈ। ਸਤਿਗੁਰੂ ਜੀ ਨੇ ਇਕ ਲਾਈਨ ਵਿਚ ਅਸਲੀਅਤ ਦ੍ਰਿੜਾ ਦਿਤੀ।

ਇਹ ਹਰਭਜਨ ਸਿੰਘ ਜੀ ਨਾਮਧਾਰੀਆਂ ਦੇ ਪ੍ਰਸਿਧ ਸੰਗੀਤਕਾਰ, ਗਾਇਕ, ਸਿਤਾਰਵਾਦਕ,ਸੰਗੀਤ ਕੰਪੋਜ਼ਰ ਹਨ। ਪੰਡਤ ਮਹਾਂਦੇਵ ਤੋਂ ਲੈ ਕੇ ਉਸਤਾਦ ਅਮਜਦ ਅਲੀ ਤਕ ਸੰਗੀਤ ਸਿਖਿਆ ਲਈ ਹੈ ਅਤੇ ਅਗੋਂ ਵਿਦਿਆਰਥੀਆਂ ਨੂੰ ਸਿਖਿਆ ਦੇਣ ਕਾਰਨ ਉਸਤਾਦ ਹਰਭਜਨ ਸਿੰਘ ਕਰ ਕੇ ਜਾਣੇ ਜਾਂਦੇ ਹਨ। ਇਹਨਾਂ ਨੂੰ ਮਿਲਿਆਂ ਗਲਬਾਤ ਕੀਤਿਆਂ ਤਬੀਅਤ ਖਿਲ ਜਾਂਦੀ ਹੈ ਤੇ ਸਮਿਆਂ ਤਕ ਗਲਾਂ ਯਾਦ ਰਹਿੰਦੀਆਂ ਹਨ। ਇਹਨਾਂ ਦੀ ਮਿਲਣੀ ਬਹੁਤ ਸੁਖਾਵਾਂ ਪ੍ਰਭਾਵ ਪਾਉਂਦੀ ਹੈ।

ਪਰ ਪਿਛਲੇ ਲਗ ਭਗ ਇਕ ਸਾਲ ਤੋਂ ਇਹ ਘਰੇਲੂ ਸੰਕਟ ਵਿਚ ਫਸੇ ਰਹੇ ਹਨ। ਇਹਨਾਂ ਦਾ ਜਵਾਨ ਲੜਕਾ ਕਰਮਜੀਤ ਸਿੰਘ ਇਕ ਐਸੇ ਰੋਗ ਵਿਚ ਗ੍ਰਸਤ ਰਿਹਾ ਕਿ ਵੱਡੇ ਵੱਡੇ ਹਸਪਤਾਲਾਂ ਜਿਵੇਂ ਗੰਗਾ ਰਾਮ ਹਸਪਤਾਲ ਮੂਲ ਚੰਦ ਅਤੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦਿਲੀ ਵਿਚ ਦਾਖਲ ਰਿਹਾ ਹੈ ਅਤੇ ਅੰਤ ੨ ਫ਼ਰਵਰੀ ੧੯੯੯ ਨੂੰ ਬੰਬਈ ਦੇ ਟਾਟਾ ਇੰਸਟੀਚਯੂਟ ਵਿਚ ਦਾਖਲ ਕੀਤਾ ਗਿਆ। ਇਥੇ ਇਹ ੨੪ ਮਾਰਚ ਨੂੰ ਅਠਾਰਵੇਂ ਸਾਲ ਵਿਚ ਹੀ ਚੜ੍ਹਾਈ ਕਰ ਗਿਆ। ਸ਼ੁਕਰਵਾਰ ੭ ਅਪਰੈਲ ਨੂੰ ਦਿਲੀ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਕਾਕਾ ਕਰਮਜੀਤ ਨਮਿਤ ਪਾਠ ਦੇ ਭੋਗ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿਤੇ। ਦੂਰੋਂ ਨੇੜਿਓਂ ਹੁਮ ਹੁਮਾ ਕੇ ਸੰਗਤਾਂ ਪੁਜੀਆਂ ਸਨ। ਭਾਰਤ ਦੇ ਪ੍ਰਸਿਧ ਸੰਗੀਤਕਾਰ ਉਸਤਾਦ ਅਮਜਦ ਅਲੀ ਸਰੋਦ ਵਾਦਕ, ਪੰਡਤ ਦੁਰਗਾ ਲਾਲ ਕੱਥਕ ਨਿਰਤਕਾਰ ਸ੍ਰੀ ਰਾਜਨ ਮਿਸ਼ਰਾ, ਸਾਜਨ ਮਿਸ਼ਰਾ ਗਾਇਕ ਅਤੇ ਹੋਰ ਕਲਾਕਾਰ ਆਏ ਹੋਏ ਸਨ।

ਸੰਤ ਕਰਤਾਰ ਸਿੰਘ, ਜ ਥੇਦਾਰ ਬਾਬਾ ਛਿੰਦਾ ਸਿੰਘ ਅਤੇ ਹੋਰ ਕੀਰਤਨਕਾਰਾਂ ਨੇ ਦੀਵਾਨ ਸਜਾਏ। ਜਥੇਦਾਰ ਸੇਵਾ ਸਿੰਘ ਦਿਲੀ ਵਾਲਿਆਂ ਹੁਕਮ ਅਤੇ ਭਾਣੇ ਉਤੇ ਬਹੁਤ ਭਾਵ ਪੂਰਤ ਵਖਿਆਣ ਦਿਤਾ। ਰਾਗੀਆਂ ਸਿੰਘਾਂ ਜਿਹਨਾਂ ਵਿਚ ਪ੍ਰਸਿਧ ਕਲਾਕਾਰ, ਹਰਬੰਸ ਸਿੰਘ, ਸੰਤ ਖਜ਼ਾਨ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਕਵਲਜੀਤ ਸਿੰਘ ਯੂ. ਕੇ. ਸ਼ਾਮਲ ਸਨ ਗਿਆਨ ਵਰਧਕ ਸ਼ਬਦ ਕੀਰਤਨ ਕੀਤਾ। ਉਭਰਵੀਂ ਸੁਰ ਇਹ ਹੀ ਸੀ ਕਿ ਸੰਤ ਹਰਭਜਨ ਸਿੰਘ ਉਹਨਾਂ ਦੇ ਪਿਤਾ ਜੀ ਸ: ਗੁਰਮੁਖ ਸਿੰਘ ਜੀ ਨੇ ਕਮਾਲ ਦਾ ਧੀਰਜ ਕਮਾਲ ਦਾ ਭਾਣਾ ਮੰਨਣ ਦਾ



ਜਥੇਦਾਰ ਸੇਵਾ ਸਿੰਘ ਜੀ ਦੁਆਰਾ 'ਹੁਕਮ ਅਤੇ ਭਾਣੇ' ਵਿਸ਼ੇ ਤੇ ਭਾਵ ਪੂਰਤ ਕੀਰਤਨ ਵਖਿਆਨ। ਨਾਲ ਬੈਠੇ ਹਨ ਜਥੇਦਾਰ ਸੇਵਾ ਸਿੰਘ ਮਲੇ੍ਵਾਲੇ, ਸ: ਗੋਪਾਲ ਸਿੰਘ ਕੌਮੀ (ਢੋਲਕ) ਅਤੇ ਹੋਰ ਜੱਥਾ।

Sri Satguru Jagjit Singh Ji eLibrary NamdhariElibrary@gmail.com



ਕਰਮਜੀਤ ਸਿੰਘ ਨਮਿਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸਮਾਗਮ (ਖਬਿਊਂ) ਉਸਤਾਦ ਅਮਜਦ ਅਲੀ, ਪੰਡਿਤ ਦੁਰਗਾ ਲਾਲ, ਪ੍ਰੀਤਮ ਸਿੰਘ ਗੀਹਲ ਪ੍ਰਧਾਨ ਯੂ.ਕੇ. ਸੰਗਤ, ਸੰਤ ਸੁਖਦੇਵ ਸਿੰਘ ਬਾਲੀ ਨਗਰ, ਸ. ਹਰਵਿੰਦਰ ਸਿੰਘ ਹੰਸਪਾਲ ਐਮ.ਪੀ., ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸੰਤ ਗੁਰਮੁਖ ਸਿੰਘ, ਡਾ: ਅਮਰ ਭਾਰਤੀ ਅਤੇ ਹੋਰ ਸੰਗਤ।

ਨਮੂਨਾ ਪੇਸ਼ ਕੀਤਾ ਹੈ। ਏਨੀ ਵੱਡੀ ਤਕਲੀਫ ਵਿਚ ਜ਼ਰਾ ਹਾਏ ਤੱਕ ਨਹੀਂ ਕੀਤੀ।

ਸਮਾਪਤੀ ਬਾਅਦ ਹਰਭਜਨ ਸਿੰਘ ਜੀ ਨੂੰ ਮਿਲਿਆ ਤਾਂ ਉਹਨਾਂ ਬੀਮਾਰੀ ਦੀ ਅਲਫ ਤੋਂ ਯੇ ਤਕ ਕਹਾਣੀ ਸੁਣਾਈ ਉਹਨਾਂ ਦਸਿਆ ਕਿ ਡਾਕਟਰਾਂ ਨੇ ਜੋ ਵਿਸ਼ਲੇਸ਼ਣ ਕੀਤਾ ਉਸ ਅਨੁਸਾਰ ਇਹ ਬੀਮਾਰੀ ਐਪਲਾਸਟਿਕ ਅਨੀਮੀਆ ਸੀ। ਇਸ ਬੀਮਾਰੀ ਦਾ ਮੂਲ ਹੈ ਇਨਸਾਨ ਦੇ ਸੈਲ ਨਾ ਬਨਣੇ। ਇਕ ਮਾਮੂਲੀ ਬੁਖਾਰ ਤੋਂ ਸ਼ੁਰੂ ਹੋ ਕੇ ਗਲ ਕਿਤੇ ਦੀ ਕਿਤੇ ਜਾ ਪਈ ਸੀ। ਬੰਬਈ ਇਸ ਕਰਕੇ ਗਏ ਸਨ ਕਿ ਹੱਡੀਆਂ ਦੀ ਮੈਰੋ (ਮਿੱਝ) ਕਿਸੇ ਦੂਸਰੇ ਵਿਅਕਤੀ ਦੀ ਚਾਹੀਦੀ ਸੀ। ਇਸ ਮੰਤਵ ਵਾਸਤੇ ਕਾਕੇ ਕਰਮਜੀਤ ਦੇ ਵਡੇ ਭਰਾ ਅੰਮ੍ਰਿਤ ਸਿੰਘ ਨੂੰ ਚੁਣਿਆ ਗਿਆ। ਚਾਰ ਘੰਟੇ ਦੇ ਵਡੇ ਉਪਰੇਸ਼ਨ ਵਿਚ ਉਸ ਦੀਆਂ ਹੱਡੀਆਂ ਵਿਚੋਂ ਮਿੱਝ ਕੱਢ ਕੇ ਕਰਮਜੀਤ ਨੂੰ ਚਾੜੀ ਗਈ। ਜਿਹੜੀ ਗਲ ਵਾਸਤੇ ਤਿੰਨ ਹਫਤੇ ਚਾਹੀਦੇ ਸਨ ਉਹ ੧੦ ਦਿਨਾਂ ਬਾਦ ਹੀ ਪਤਾ ਲਗ ਗਿਆ ਕਿ ਪਿਓਂਦ ਠੀਕ ਹੋ ਗਈ ਹੈ।

ਕਰਮਜੀਤ ਸ਼ੁਰੂ ਤੋਂ ਹੀ ਦਿਲ ਗੁਰਦੇ ਵਾਲਾ ਸੀ। ਸਾਰੀ ਬੀਮਾਰੀ ਸਮੇਂ ਉਹ ਚੜਦੀ ਕਲਾ ਵਿਚ ਹਸਦਾ ਹਸਾਉਂਦਾ ਗਲਾਂ ਕਰਦਾ ਰਿਹਾ। ਉਸ ਕੋਲ ਨਰਸਾਂ ੧੫-੧੫ ੨੦-੨੦ ਮਿੰਟ ਬੈਠੀਆਂ ਗਪਾਂ ਮਾਰਦੀਆਂ ਰਹਿੰਦੀਆਂ। ਦਿਲੀ ਤੋਂ ਬੰਬਈ ਜਾਣ ਵੇਲੇ ਸਭ ਨੂੰ ਸਤਿ ਸ੍ਰੀ ਅਕਾਲ ਕਹਿੰਦਾ, ਦਿਲ ਜੋਈਆਂ ਕਰਦਾ ਗਿਆ। ਡਾਕਟਰਾਂ ਕਿਹਾ ਇਹੋ ਜਿਹੇ ਇਰਾਦੇ ਦੀ ਸ਼ਕਤੀ ਵਾਲਾ ਬੰਦਾ ਨਹੀਂ ਵੇਖਿਆ। ਇਸ ਬੀਮਾਰੀ ਦਾ ਨਾਮ ਸੁਣ ਕੇ ਵਡਿਆਂ ਵਡਿਆਂ ਦੀਆਂ ਡਾੜਾਂ ਨਿਕਲ ਜਾਂਦੀਆਂ ਹਨ ਪਰ ਕਰਮਜੀਤ ਮਾਪਿਆਂ ਦੀਆਂ ਦਿਲਜੋਈਆਂ ਕਰਦਾ ਰਿਹਾ—ਖਿਆਲ ਰਖਦਾ ਰਿਹਾ ਕਿ ਇਹਨਾਂ ਤੇ ਚਿਹਰੇ ਤੇ ਮਲਾਲ ਨਾ ਆਵੇ ਇਹ ਦੁਖੀ ਨਾ ਹੋਣ। ਮੌਤ ਤੋਂ ਚਾਰ ਘੰਟੇ ਪਹਿਲਾਂ ਵੀ ਉਸ ਨੇ ਕਾਗਜ਼ ਤੇ ਆਪਣੇ ਪਿਤਾ ਹਰਭਜਨ ਸਿੰਘ ਨੂੰ ਲਿਖਕੇ ਪੁਛਿਆ ਸੀ ਕਿ ਕੀ ਤੁਹਾਨੂੰ ਪਤਾ ਸੀ ਕਿ ਸੂਈਆਂ ਲਗਣੀਆਂ ਹਨ। ਫਿਰ ਉਸ ਲਿਖਿਆ ਮੈਂ ਬੋਲ ਨਹੀਂ ਸਕਦਾ ਤੁਸੀਂ ਬੋਰ ਹੋ ਰਹੇ ਹੋਵੋਗੇ।

ਕਰਮਜੀਤ ਸਿੰਘ ਵਾਸਤੇ ਸਭ ਕੁਝ ਉਪਲਬਦ ਸੀ। ਵਡੇ ਮਾਹਰ ਡਾਕਟਰਾਂ ਦੀ ਸੇਵਾ, ਲਖਾਂ ਰੁਪਏ ਦੇ ਖਰਚ ਵਾਸਤੇ ਸਤਿਗੁਰੂ ਜੀ ਦਾ ਖਜ਼ਾਨਾ ਵੀ ਸੀ। ਆਪਣੀ ਜੇਬ ਚੋਂ ਖਰਚੇ ਵੀ ਗੁਰੂ ਕੇ ਹੀ ਸਨ। ਵਿਦੇਸ਼ਾਂ ਚੋਂ ਵੀ ਹਜ਼ਾਰਾਂ ਰੁਪਏ ਦੀਆਂ ਮਹਿੰਗੀਆਂ ਦਵਾਈਆਂ ਆਈਆਂ। ਬੰਬਈ ਸ਼ਹਿਰ ਵਿਚ ਕਿਸੇ ਵੀ ਲੋੜ ਲਈ ਲੋਕ ਤਤਪਰ ਸਨ। ਖਾਲਸਾ ਕਾਲਜ ਦੇ ਮੁੰਡੇ, ਗੁਜਰਾਤੀ, ਮਰਾਠੀ ਜਵਾਨ ਹਰ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਸਨ, ਪਰ ਹੁਕਮ ਇਹ ਸੀ ਕਿ ਡੇਰਾ ਹੁਣ ਇਥੇ ਨਹੀਂ ਰਖਣਾ। ਸਭ ਕੁਝ ਠੀਕ ਹੁੰਦਿਆਂ ਸੁੰਦਿਆਂ ਕਰਮਜੀਤ ਸਿੰਘ ਨੇ ਇਸ ਸੰਸਾਰ ਤੋਂ ਕੂਚ ਕੀਤਾ। ਉਸ ਦੀ ਰਿਪੋਰਟ ਉਤੇ ਮੌਤ ਦਾ ਕਾਰਨ ਕੁਦਰਤੀ ਮੌਤ ਲਿਖਿਆ ਗਿਆ।

ਭਰੇ ਹੋਏ ਮਨ ਨਾਲ ਹਰਭਜਨ ਸਿੰਘ ਤੇ ਉਹਨਾਂ ਦੇ ਪਿਤਾ ਸੰਤ ਗੁਰਮੁਖ ਸਿੰਘ ਨਾਲ ਅਫਸੋਸ ਕਰਨ ਬੈਠਾ ਸਾਂ



Sri Satguru Jagjit Singh Ji eLibrary NamdhariElibrary@gmail.com



ਕਮਲਜੀਤ ਦੀ ਜੀਵ ਆਤਮਾ ਵਾਸਤੇ ਅਰਦਾਸ ਵਿਚ ਸ. ਕਮਲਜੀਤ ਸਿੰਘ ਯੂ. ਕੇ., ਗਾਇਕ ਕਲਾਕਾਰ ਸ੍ਰੀ ਰਾਜਨ ਮਿਸ਼ਰਾ, ਸ. ਹਰਭਜਨ ਸਿੰਘ, ਜ: ਇਕਬਾਲ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ ਆਦਿ।

ਪਰ ਉਹਨਾਂ ਉਹ ਉਹ ਭਰੋਸੇ ਦੀਆਂ ਗਲਾਂ ਸੁਣਾਈਆਂ ਅਤੇ ਸਤਿਗੁਰੂ ਦੀ ਕ੍ਰਿਪਾ ਦੇ ਦ੍ਰਿਸ਼ਟਾਂਤ ਦਿਤੇ ਕਿ ਅੰਤ ਅਫਸੋਸ ਤੇ ਭੁਲ ਗਿਆ। ਮੂੰਹੋਂ ਇਹ ਹੀ ਨਿਕਲਿਆ।

ਡਡਾ ਡੇਰਾ ਇਹ ਨਹੀਂ
ਜਹ ਡੇਰਾਂ ਤਹਾ ਜਾਨੁ

ਇਸੇ ਹੀ ਪ੍ਰਥਾਇ ਸਤਿਗੁਰੂ ਜੀ ਨੇ ਸਵਰਗੀ ਦੀ ਮਾਤਾਂ ਪਿਤਾ ਅਤੇ ਹੋਰ ਸਬੰਧੀਆਂ ਨੂੰ ਕੋਲ ਸਦਕੇ ਧੀਰ ਬੰਨਾਈ।

—ਜਗਦੀਸ਼ ਸਿੰਘ

## ਜਸਵਾਲ ਜੀ ਦਾ ਦੇਹਾਂਤ

ਪੰਜਾਬ ਦੇ ਪ੍ਰਸਿਧ ਸੰਗੀਤ ਸ਼ਾਸਤਰੀ ਅਤੇ ਕਲਾਕਾਰ ਸ੍ਰੀ ਬਲਵੰਤ ਰਾਇ ਜਸਵਾਲ ਬੀਤੇ ਦਿਨੀਂ ੨੯ ਫਰਵਰੀ ੧੯੯੯ ਨੂੰ ਲੁਧਿਆਣਾ ਵਿਖੇ ਸਦੀਵੀ ਵਿਛੋੜਾ ਦੇ ਗਏ ਹਨ। ਆਪ ਜੀ ਨੇ ਸੰਗੀਤ ਗਾਇਨ ਦੀ ਸਿਖਿਆ ਭਾਰਤ ਦੇ ਪ੍ਰਸਿਧ ਸੰਗੀਤਕਾਰ ਪੰਡਿਤ ਵਿਨਾਇਕ ਰਾਓ ਪਟਵਰਧਨ ਪਾਸੋਂ ਪ੍ਰਾਪਤ ਕੀਤੀ ਸੀ ਪੰਜਾਬ ਦੇ ਵਖ ਵਖ ਸਿਖਿਆ ਸੰਸਥਾਨਾਂ ਤੋਂ ਇਲਾਵਾ ਉਹਨਾਂ ਦਾ ਸਬੰਧ ਆਕਾਸ਼ਬਾਣੀ ਨਾਲ ਲੰਮੇਂ ਸਮੇਂ ਤਕ ਰਿਹਾ।

ਸੰਗੀਤ ਸਾਹਿਤ ਵਿਚ ਵੀ ਉਹਨਾਂ ਵਾਧਾ ਕੀਤਾ ਅਤੇ ਹਰ ਰਾਗ ਵਿਚ ਸੁਰਾਂ ਅਤੇ ਸ਼ਬਦਾਂ ਦੁਆਰਾਂ ਅਨੇਕਾਂ ਨਵੀਆਂ ਬੰਦਸ਼ਾਂ ਵੀ ਤਿਆਰ ਕੀਤੀਆਂ। ਪੰਜਾਬ ਵਿਚ ਉਹਨਾਂ ਨੇ ਅਨੇਕਾਂ ਸੰਗੀਤ ਵਿਦਿਆਰਥੀ ਤਿਆਰ ਕੀਤੇ। ਉਹਨਾਂ ਦੀ ਗਾਇਕੀ ਵਿਚ ਜਿਥੇ ਗਵਾਲੀਅਰ ਘਰਾਣੇ ਦੀ ਝਲਕ ਮਿਲਦੀ ਸੀ ਉਥੇ ਪੰਜਾਬ ਦੀ ਛੱਬੀ ਵੀ ਵਿਆਪਕ ਸੀ।

## ਵਰ੍ਹੀਨੇ ਦਾ ਭੋਗ



**ਸਵ: ਬੀਬੀ ਜੁਗਿੰਦਰ ਕੌਰ** ਸਪਤਨੀ ਸ. ਬਖਸ਼ੀਸ਼ ਸਿੰਘ ਐਨਜੀਨਅਰ ਜੰਮੂ ਪਿਛਲੇ ਸਾਲ (੧੪ ਜੂਨ ੧੯੯੮) ਨੂੰ ਚਲਾਣਾ ਕਰ ਗਏ ਸਨ। ਉਹਨਾਂ ਨਮਿਤ ਵਰੀਨੇ ਦਾ ਭੋਗ ਸ੍ਰੀ ਭੈਣੀ ਸਾਹਿਬ ਵਿਖੇ ੧੪ ਅਪਰੈਲ ੧੯੯੯ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।



Sri Satguru Jagjit Singh Ji eLibrary NamdhariElibrary@gmail.com

# ਗੁਰਭਜਨ ਸਿੰਘ ਨਹੀਂ ਰਹੇ

ਚਿੱਠੀ ਦੇ ਵਿਚ ਲਿਖਿਆ ਨ ਕਰ
ਸਪਨੇ ਮੇਰੀ ਆਂਖੋਂ ਕੇ
ਡਾਢੇ ਕਰਨ ਕਟਹਿਰੇ ਖੜਿਆਂ
ਨਾ ਬਖਸ਼ਣ ਤਕਸੀਰਾਂ ਨੂੰ
ਫੜਕੇ ਜੱਗ ਪਾਣੀ ਦੇ ਹਥੀਂ
ਰਹੇ ਦਰਬਾਨ ਖਲੋਤੇ ਹੀ
ਜਾਨ ਦੇ ਗਿਆ ਤੜਪ ਪਿਆਸਾ
ਦਰਸ਼ਨ ਦੇ ਘੁਟ ਨੀਰਾਂ ਨੂੰ

ਸਾਨੂੰ ਇਹ ਸੁਣ ਕੇ ਬਹੁਤ ਸਦਮਾ ਪਹੁੰਚਾ ਹੈ ਕਿ ਉਪ੍ਰੋਕਤ ਸ਼ਿਅਰਾਂ ਦੀ ਰਚਨਾ ਕਰਨ ਵਾਲੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਸਕੱਤਰ ਸੰਤ ਗੁਰਭਜਨ ਸਿੰਘ ਜੀ ਇਸ ਸੰਸਾਰ ਤੇ ਨਹੀਂ ਰਹੇ। ਛੱਪਦੇ ਛੱਪਦੇ ਜੋ ਪਤਾ ਲਗਾ ਹੈ ਉਸ ਅਨੁਸਾਰ ਦਿੱਲੀ ਵਿਚ ਉਤਮ ਨਗਰ ਖੇਤਰ ਵਿਚ ਉਹਨਾਂ ਦੇ ਪਲਾਟ ਤੇ ਜਿੰਨਾਂ ਲੋਕਾਂ ਦਾ ਕਬਜ਼ਾ ਸੀ ਉਹਨਾਂ ਵਲੋਂ ਗੋਲੀ ਚਲਾਉਣ ਨਾਲ ਗੁਰਭਜਨ ਸਿੰਘ ਜੀ ਦੀ ਦੇਹ ੨੮ ਅਪਰੈਲ ਨੂੰ ਸ਼ਾਂਤ ਹੋਈ।

ਉਹ ਵਧੀਆ ਕਵੀ ਸਨ ਅਤੇ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਮੋਢੀ ਮੈਂਬਰ ਸਨ। ਉਹ ਵਧੀਆ ਵਾਰਤਕ ਲੇਖਕ ਵੀ ਸਨ ਅਤੇ ਸਪਤਾਹਕ ਸਤਿਜੁਗ ਦੇ ਸਫਲ ਸੰਪਾਦਕ ਵੀ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹ ਲੰਮਾ ਚਿਰ ਮੁਖ ਸਕੱਤਰ ਰਹੇ ਅਤੇ ਅਪਣੇ ਸਮੇਂ ਉਹਨਾਂ ਬਹੁਤ ਕੁਸ਼ਲਤਾ ਨਾਲ ਕੰਮ ਕੀਤਾ। ਉਹਨਾਂ ਦੇ ਸਮੇਂ ਸਾਹਿਤਕ ਕਾਰਜਾਂ ਨੂੰ ਬਹੁਤ ਹੁਲਾਰਾ ਮਿਲਿਆ। ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਦਰਬਾਰ ਦੀਆਂ ਗਤੀਵਿਧੀਆਂ ਵਿਚ ਉਹਨਾ ਉੱਘਾ ਰੋਲ ਅਦਾ ਕੀਤਾ। ਵਰਿਆਮ ਦੇ ਮੁਢਲੇ ਸਾਲਾਂ ਵਿਚ ਉਹਨਾਂ ਇਸ ਦਾ ਬਹੁਤ ਸਾਥ ਦਿਤਾ ਅਤੇ ਇਸ ਦੇ ਅਨੇਕਾਂ ਜੀਵਨ ਮੈਂਬਰ ਬਨਾਉਣ ਵਾਸਤੇ ਬਣਾਏ ਪ੍ਰੋਗਰਾਮ ਨੂੰ ਸਤਿਗੁਰੂ ਜੀ ਨੇ ਪਰਵਾਨਗੀ ਦਿਤੀ। ਉਹ ਅੱਜ ਤੱਕ ਵਰਿਆਮ ਦੀ ਸਫਲਤਾ ਲਈ ਫਿਕਰਮੰਦ ਰਹੇ ਇਸ ਦੇ, ਬਾਕਾਇਦਾ ਗਾਹਕ/ਮੈਂਬਰ ਰਹੇ। ਉਹ ਕਈ ਵਾਰ ਸਤਿਗੁਰੂ ਜੀ ਨਾਲ ਵਿਦੇਸ਼ਾਂ ਵਿਚ ਗਏ। ਸਤਿਗੁਰੂ ਜੀ ਦੀ ਸਰਗਰਮ ਸੇਵਾ ਕਾਰਜ ਦੇ ਜੀਵਨ ਤੋਂ ਬਾਦ ਵੀ ਉਹ ਸਮਾਜਕ ਕਾਰਜਾਂ ਵਿਚ ਦਿਲਚਸਪੀ ਲੈਂਦੇ ਰਹੇ ਹਨ। ਉਹ ਬਹੁਤ ਗੁਣਵਾਨ ਵਿਅਕਤੀ ਸਨ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਦੋਸਤਾਂ ਦੇ ਦੋਸਤ ਸਜਨ ਸਨ।

ਉਹਨਾਂ ਦੇ ਬੇਵਕਤ ਵਿਛੜਣ ਨਾਲ ਨਾਮਧਾਰੀ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ। ਹੈ ਉਹਨਾਂ ਦੀ ਇਸ ਮੌਤ ਨੇ ਸਾਡਾ ਇਕ ਜ਼ਾਤੀ ਤੇ ਪਿਆਰਾ ਮਿੱਤਰ ਖੋਹਿਆ ਹੈ। ਉਹਨਾਂ ਦੀ ਸੁਪਤਨੀ ਅਤੇ ਛੋਟੇ ਜਿਹੇ ਪਰਿਵਾਰ ਦਾ ਦੁਖ ਤਾਂ ਬਹੁਤ ਵੱਡਾ ਹੈ ਜਿਸਨੂੰ ਬਰਦਾਸ਼ਤ ਕਰਨ ਵਾਸਤੇ ਇਕੋ ਇਕ ਆਸਰਾ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ। ਪਰਿਵਾਰ ਦਾ ਦੁੱਖ ਸਾਰੇ ਸਮਾਜ ਦਾ ਹੀ ਦੁੱਖ ਹੈ।

ਅਸੀਂ ਵਿਛੜੇ ਮਿੱਤਰ ਨੂੰ ਸਦਾ ਯਾਦ ਰਖਾਂਗੇ।

—ਜਗਦੀਸ਼ ਸਿੰਘ



ਗੁਰਭਜਨ ਸਿੰਘ ਜੀ (ਧੁਰ ਸੱਜੇ) ਸਤਿਗੁਰੂ ਜਗਜੀਤ ਸਿੰਘ ਜੀ, ਸ਼੍ਰੋਮਣੀ ਕਮੇਟੀ ਦੇ ਸਕਤਰ ਸ: ਮਹਿੰਦਰ ਸਿੰਘ ਅਤੇ ਸ: ਗੁਰਦਿਆਲ ਸਿੰਘ ਤਦਵਕਤੀ ਸਪੀਕਰ ਲੋਕ ਸਭਾ ਨਾਲ ੧੯੭੩ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਰ ਸੇਵਾ ਸਮੇਂ



Sri Satguru Jagjit Singh Ji eLibrary NamdhariElibrary@gmail.com

## ਡਾਕ ਟਿਕਟ ਜਾਰੀ ਕਰੋ

ਨਵੀਂ ਦਿਲੀ—ਸ਼ੋਸ਼ਲ ਅਕਾਦਮੀ ਆਫ ਨੈਸ਼ਨਲ ਇੰਡੀਅਨ ਕਲਚਰ, ਨਵੀਂ ਦਿਲੀ ਦੀ ਕਾਰਜਕਾਰਨੀ ਦੀ ਹੰਗਾਮੀ ਇਕਤਰਤਾ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਦੇ ਉਤਰਾਧਿਕਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋ ਕਿ ਸ੍ਰੀ ਜਵਾਹਰ ਲਾਲ ਨਹਿਰੂ ਦੇ ਬੜੇ ਨਿੱਘੇ ਤੇ ਨਿਕਟੀ ਮਿੱਤਰ ਸਨ । ਉਨ੍ਹਾਂ ਦੀ ਯਾਦ ਪ੍ਰਤੀ ਭਾਰਤ ਸਰਕਾਰ ਵਲੋਂ ਇਕ ਯਾਦਗਾਰੀ ਡਾਕ ਟਿਕਟ ਪ੍ਰਾਰੰਭ ਕਰਾਉਣ ਦਾ ਉਪਰਾਲਾ ਕੀਤਾ ਜਾਵੇ ਅਤੇ ਇਸ ਮਤੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਸੰਚਾਰ ਮੰਤਰੀ ਨੂੰ ਦੇਣ ਦਾ ਵੀ ਫੈਸਲਾ ਕੀਤਾ ਗਿਆ ।

ਉਪਰੋਕਤ ਫੈਸਲਾ ਇਸ ਕਰਕੇ ਲਿਆ ਗਿਆ ਕਿਉਂਕਿ ਇਹਨਾਂ ਦੋਵਾਂ ਪ੍ਰਮੁਖ ਹਸਤੀਆਂ ਦੀ ਸ਼ਤਾਬਦੀ ਇਸ ਵਰ੍ਹੇ ੧੯੯੯ ਵਿਚ ਮਨਾਈ ਜਾ ਰਹੀ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮੁੱਚਾ ਜੀਵਨ ਹੀ ਸਮਾਜ ਸੁਧਾਰ ਤੇ ਦੇਸ਼ ਲਈ ਰਾਸ਼ਟਰ-ਪੱਖੀ ਰਿਹਾ ।

ਮੋਹਨ ਸਿੰਘ ਬੈਰੀ,
ਪ੍ਰਬੰਧਕ ਸਕੱਤਰ ।

## ਮਲੋਟ 'ਚ "ਉਨਾਭੀ ਸ਼ਾਮ"

ਮਲੋਟ : ਲੋਕ ਰੰਗ ਮੰਚ ਦਾ ਪਹਿਲਾ ਸਮਾਗਮ ਇਕ ਸੰਗੀਤਮਈ ਪ੍ਰੋਗਰਾਮ "ਉਨਾਭੀ ਸ਼ਾਮ" ਦੇ ਰੂਪ 'ਚ ਆਯੋਜਤ ਕੀਤਾ ਗਿਆ । ਉਭਰਦੇ ਲੋਕ-ਗਾਇਕ ਦਿਲਸ਼ਾਦ ਅਖਤਰ ਨੇ ਲਗਭਗ ਦੋ ਘੰਟੇ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ ।

ਸਮਾਗਮ ਦੇ ਮੁਖ ਮਹਿਮਾਨ ਸ: ਬਲਦੇਵ ਸਿੰਘ ਸਿੱਧੂ, ਆਬਕਾਰੀ ਤੇ ਕਰ ਅਫ਼ਸਰ, ਮਲੋਟ, ਸਨ । ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਨੇ ਅਜਿਹੇ ਉੱਦਮ ਲਈ ਲੋਕ ਰੰਗ ਮੰਚ ਦੀ ਭਰਪੂਰ ਸ਼ਲਾਘਾ ਕੀਤੀ ।

ਪੰਜਾਬੀ ਅਦੀਬ ਡਾ: ਹਰਨੇਕ ਸਿੰਘ ਕੋਮਲ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕੀਤੀ । 'ਪੰਜਾਬ 'ਚ ਅਸ਼ਲੀਲ ਤੇ ਲੱਚਰ ਗੀਤਾਂ ਦੇ ਆਏ ਹੜ੍ਹ' ਦਾ ਜ਼ਿਕਰ ਕਰਦਿਆਂ ਡਾ: ਕੋਮਲ ਨੇ ਕਿਹਾ ਕਿ ਜਦੋਂ ਕਲਾ ਤੇ ਜ਼ਿੰਦਗੀ ਨਾਲੋਂ ਭਾਵਾਂ ਤੇ ਅਰਥਾਂ ਦਾ ਰਿਸ਼ਤਾ ਟੁਟ ਜਾਂਦਾ ਹੈ ਤਾਂ ਊਲ-ਜਲੂਲ ਕਿਸਮ ਦੀ ਰਚਨਾ ਜਨਮ ਲੈਂਦੀ ਹੈ । ਡਾ: ਕੋਮਲ ਨੇ ਕਾਵਿ ਮਈ ਅੰਦਾਜ਼ 'ਚ ਆਪਣਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਆਖਿਆ ਕਿ ਸਾਡੀ ਜ਼ਿੰਦਗੀ 'ਚੋਂ ਸੰਗੀਤ ਗੁਆਚ ਰਿਹਾ ਹੈ, ਸ਼ੋਰ-ਸ਼ਰਾਬਾ ਬਾਕੀ ਹੈ ਅਤੇ ਅਸੀਂ ਜ਼ਿੰਦਗੀ 'ਚ ਵਿਦਮਾਨ ਸੰਗੀਤ ਲੱਭ ਹੀ ਨਹੀਂ ਸਕੇ । ਦਰਅਸਲ ਅਸੀਂ ਸ਼ੋਰ ਤੇ ਸੰਗੀਤ ਵਿਚਲਾ ਫਰਕ ਹੀ ਨਹੀਂ ਸਮਝ ਸਕੇ । ਡਾ: ਕੋਮਲ ਨੇ ਕਿਹਾ ਕਿ ਮਾਂ-ਬੋਲੀ ਪੰਜਾਬੀ ਤੇ ਸਭਿਆਚਾਰ ਨੂੰ ਬਚਾਉਣ ਲਈ ਅਜਿਹੇ ਸੱਚੇ-ਸੁਚੇ ਗੀਤ ਗਾਉਣ ਦੀ ਲੋੜ ਹੈ ਜੋ ਸਾਡੀ ਬੋਲੀ ਤੇ ਸਾਡੇ ਸਭਿਆਚਾਰ ਦਾ ਸ਼ਿੰਗਾਰ ਬਣਕੇ ਪੰਜਾਬੀਆਂ ਦੀ ਰੂਹ ਨਸ਼ਿਆ ਸਕਣ ।

ਇਸ ਅਵਸਰ 'ਤੇ ਲੋਕ-ਰੰਗ ਮੰਚ ਮਲੋਟ ਵਲੋਂ ਪ੍ਰਕਾਸ਼ਿਤ "ਸੋਵੀਨਰ" ਵੀ ਰਲੀਜ਼ ਕੀਤਾ ਗਿਆ । ਮੰਚ ਦਾ ਸੰਚਾਲਨ ਪ੍ਰੋ: ਮਲਕੀਤ ਸਿੰਘ ਬਰਾੜ ਨੇ ਬੜੀ ਕੁਸ਼ਲਤਾ ਨਾਲ ਕੀਤਾ । ਇਸ ਸਮਾਗਮ ਦੀ ਸਫਲਤਾ 'ਚ ਸਰਵ ਸ੍ਰੀ ਬਲਰਾਜ ਸਿੰਘ ਬਰਾੜ, ਹਰਪਾਲ ਸਿੰਘ ਮਾਨ, ਅਜਮੇਰ ਸਿੰਘ ਬਰਾੜ, ਹੰਸ ਰਾਜ ਹੰਸ, ਬ੍ਰਿਖ ਬਲਬੀਰ, ਸਰਬਜੀਤ ਸਿੰਘ ਭੁੱਲਰ, ਹਰਮੀਤ ਸਿੰਘ ਖੁੱਡੀਆਂ ਤੇ ਖਰੈਤੀ ਲਾਲ ਉਪਵੇਜਾ ਦਾ ਵਿਸ਼ੇਸ਼ ਯੋਗਦਾਨ ਰਿਹਾ ।

## ਤ੍ਰੈ-ਭਾਸ਼ੀ ਕਾਵਿ ਗੋਸ਼ਟੀ

ਨਵੀਂ ਦਿਲੀ : ਕੇਂਦਰੀ ਪੰਜਾਬੀ ਸਾਹਿਤ ਸੰਮੇਲਨ (ਰਜਿ:) ਨਵੀਂ ਦਿਲੀ ਅਤੇ ਬਜ਼ਮੇ-ਅਦਬ, ਦਿੱਲੀ ਦੀ ਸਾਂਝੀ ਤ੍ਰੈ-ਭਾਸ਼ੀ ਕਾਵਿ-ਗੋਸ਼ਟੀ, ਕੀਰਤੀ ਨਗਰ, ਨਵੀਂ ਦਿਲੀ ਵਿਖੇ ਡੈਨਮਾਰਕ ਤੋਂ ਆਏ, ਪੰਜਾਬੀ ਤੇ ਉਰਦੂ ਦੇ ਉਘੇ ਕਵੀ ਸ੍ਰੀ ਸ਼ਮਸ਼ੇਰ ਸਿੰਘ 'ਸ਼ੇਰ' ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸ੍ਰੀ ਮਨੋਹਰ ਸਿੰਘ 'ਮਾਰਕੋ' (ਅਮਰੀਕਾ) ਅਤੇ ਸ੍ਰੀ ਸ਼ਿੰਗਾਰਾ ਸਿੰਘ ਭੁਲਰ ਅਸਿਸਟੈਂਟ ਐਡੀਟਰ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਨੇ ਮੁਖ-ਮਹਿਮਾਨ ਵਜੋਂ ਭਾਗ ਲਿਆ । ਗੋਸ਼ਟੀ ਦੇ ਆਰੰਭ ਕਰਨ ਤੋਂ ਪਹਿਲਾਂ ਇਹਨਾਂ ਆਏ ਮਹਿਮਾਨਾਂ ਦਾ ਦੋ ਸਭਾਵਾਂ ਦੇ ਜਨਰਲ ਸਕਤਰਾਂ ਸ੍ਰੀ ਮੋਹਨ ਸਿੰਘ ਬੈਰੀ ਅਤੇ ਜਾਂਬਾਜ਼ ਪਾਨੀਪਤੀ ਤੋਂ ਇਲਾਵਾ ਸ੍ਰੀ ਬਲਦੇਵ ਸਿੰਘ ਗੁਜਰਾਲ, ਮੈਂਬਰ ਪੰਜਾਬੀ ਅਕਾਦਮੀ ਦਿੱਲੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ । ਸੰਮੇਲਨ ਦੇ ਜ: ਸਕੱਤਰ ਸ੍ਰੀ ਮੋਹਨ ਸਿੰਘ ਬੈਰੀ ਨੇ ਇਹਨਾਂ ਦੋਵਾਂ ਮਹਿਮਾਨਾਂ ਦੀ ਸੰਖਿਪਤ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਦੋਵੇਂ ਸੰਮੇਲਨ ਦੇ ਮੁਢਲੇ ਮੈਂਬਰ ਹਨ ਅਤੇ ਇਹਨਾਂ ਦੇ ਸਹਿਯੋਗ ਨਾਲ ਸੰਮੇਲਨ ਦੀਆਂ ਨੀਹਾਂ ਪੱਕੀਆਂ ਹੋਈਆਂ । ਉਪਰੰਤ ਕਾਵਿ-ਗੋਸ਼ਟੀ ਦਾ ਅਰੰਭ ਉਰਦੂ ਦੀ ਗਜ਼ਲ ਨਾਲ ਕੀਤਾ ਗਿਆ ਅਤੇ ਪੰਜਾਬੀ, ਹਿੰਦੀ ਤੇ ਉਰਦੂ ਦੇ ਲਗਭਗ ੨੫ ਕਵੀਆਂ-ਸ਼ਾਇਰਾਂ ਨੇ ਆਪਣੇ ਆਪਣੇ ਅੰਦਾਜ਼ ਨਾਲ ਗੀਤ, ਗ਼ਜ਼ਲ



Sri Satguru Jagjit Singh Ji eLibrary NamdhariElibrary@gmail.com

ਤੇ ਕਵਿਤਾਵਾਂ ਪੇਸ਼ ਕੀਤੀਆਂ ਜਿਹਨਾਂ 'ਚੋਂ ਪ੍ਰਮੁਖ ਨਾਂ ਇਸ ਤਰ੍ਹਾਂ ਹਨ : ਸ੍ਰੀ ਜੋਗਾ ਸਿੰਘ 'ਜਗਿਆਸੂ', ਰਾਜਵੰਤ ਸਿੰਘ ਰਾਣਾ, ਮੋਹਨ ਸਿੰਘ ਬੇਰੀ, ਅਮਰੀਕ ਡੋਗਰਾ, ਓ. ਪੀ. ਅਨੰਦ, ਕ੍ਰਿਪਾਲ 'ਹੀਰਾ', ਨਿਰਮਲ ਰਾਇਪੁਰੀ, ਮੇਜੀ ਫਿਰੋਜ਼ਪੁਰੀ, ਨਿਰੰਜਨ ਸਿੰਘ ਜੋਤੀ, ਸ੍ਰੀਮਤੀ ਸਨੀਤਾ ਚੱਢਾ, ਨਵਰਤਨ ਸ਼ਰਮਾ, ਜਾਂਬਾਜ਼ ਪਾਨੀਪਤੀ, ਚਾਨਣ ਗੋਬਿੰਦਪੁਰੀ, ਮਨੋਹਰ ਸਿੰਘ ਮਾਰਕੋ ਤੇ ਸ਼ਮਸ਼ੇਰ ਸਿੰਘ ਸ਼ੇਰ ।


RAINU
**Engineering Works Regd.**
Prop. : S. Mohinder Singh
Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks
Repair of Honda Generators and Diesel Generators
VINAIK BAZAR, JAMMU.
Phone No. 46894

With best compliments from :
MEX
SWITCHGEAR
PVT. LTD.
Tanda Road, JALANDHAR.
Phone : 72116

REPUTED MANUFACTURER OF :
SUPERIOR QUALITY
SINGLE BARREL &
DOUBLE BARREL
B. L. 12 BORE
GUNS

Grams : SNIPER
Phone : 3805
MODERN GUN WORKS
Opp. Industrial Estate,
JAMMU CANTT.





Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 2528411
,, : 2510348
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM MAY 1989
Registered with the Registrar of News Papers for India No. 26453/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

*ALREADY INTRODUCED :*

**Glucose, Roshni, Twinke, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com